u|g d| i:r b ftu
r|nkuh j|e

fgsgkb fr:b

ASIA VISIONS

ug d irb ftu
rnkuh je

fgsgkb f;x rotkb

14225-66
ਸਰੀ ਬੀ.ਸੀ. ਕਨੇਡਾ
V3W2B4
ਫੋਨ: **604-591-5152**

© ਲੇਖਕ

ਮੁੱਲ:**10** ਡਾਲਰ
ਸਾਲ:**2003**

ਟਾਈਟਲ: ਜਨਮੇਜਾ ਜੌਹਲ

ਟਾਈਪ ਸੈਟਿੰਗ: ਏਸ਼ੀਆ ਵਿਜ਼ਨਜ਼

ASIA VISIONS
2920 ਗੁਰਦੇਵ ਨਗਰ, ਲੁਧਿਆਣਾ (ਭਾਰਤ)
ਫੋਨ: **2426246**

sseok

ਪ੍ਰਿਤਪਾਲ ਗਿੱਲ ਦੀ ਕਵਿਤਾ		ਸ਼ਹੀਦ	37
''ਚੁੱਪ ਦੇ ਜੰਗਲ ਵਿੱਚ		ਜੋਬਨ	38
ਗੁਆਚੀ ਹੂਕ!''	6	ਲਹੂ ਦੇ ਵਣਜਾਰੇ	40
ਸੂਰਜਾਂ ਨੂੰ ਸੱਦਾ ਦੇਣ ਵਾਲਾ		ਯਾਦ	41
ਪ੍ਰਿਤਪਾਲ ਗਿੱਲ	11	ਧਰਤੀ	43
'ਕੁਦਰਤ ਦਾ ਕਵੀ'		ਜਿੰਦੇ ਮੇਰੀਏ	45
ਪ੍ਰਿਤਪਾਲ ਗਿੱਲ	14	ਬੋਲ	47
ਮੇਰਾ ਕਲਮੀ ਸਫ਼ਰ	16	ਜਿਉਂਦਾ ਮਨੁੱਖ	49
ਚੁੱਪ ਦਾ ਸਾਗਰ	19	ਗੀਤ	52
ਕਦੇ! ਕਦੇ!	21	ਸ਼ਹਿਰ	53
ਸ਼ਬਦ ਦੇ ਸੰਗ	23	ਮੁਹੱਬਤ ਦਾ ਕਤਲ	54
ਮਾਨਵ	24	ਅੰਨ੍ਹੀ ਰਾਤ	55
ਬਿਰਖ	26	ਕਲਾਕਾਰ	57
ਹੁੰਗਾਰਾ ਕੌਣ ਭਰੇ	27	ਗੀਤ ਮੇਰੇ	60
ਮਾਂ ਅਤੇ ਪੁੱਤਰ	29	ਚੁੱਪ ਸਾਡੀ ਨੂੰ	61
ਆਪਣਾ ਘਰ	31	ਗ਼ਦਾਰ	63
ਗੀਤ	33	ਰੱਬ ਦਾ ਰੂਪ	64
ਰਾਤ ਅਜੇ ਬਹੁਤ ਬਾਕੀ ਹੈ	35		

ਕੇਂਦਰੀ ਪੰਜਾਬੀ ਲੇਖਕ ਸਭਾ
(ਉੱਤਰੀ ਅਮਰੀਕਾ) ਦੇ
ਸਾਲਾਨਾ ਸਮਾਗਮ 2003 ਸਮੇਂ
ਮੰਚ ਤੇ ਬੈਠੇ ਖੱਬੇ ਤੋਂ ਸੱਜੇ
ਸਬਰਸ੍ਰੀ ਹਰਭਜਨ ਸਿੰਘ
ਮਾਂਗਟ, ਸ੍ਰ. ਗੁਰਦੇਵ ਸਿੰਘ
ਮਾਨ ਤੇ ਪ੍ਰਿਤਪਾਲ ਗਿੱਲ

ਪੰਜਾਬ ਸਰਕਾਰ ਦੇ ਮੰਤਰੀ ਸ੍ਰ. ਜਗਮੋਹਣ ਸਿੰਘ ਕੰਗ ਨਾਲ ਸ਼ਾਇਰ ਪ੍ਰਿਤਪਾਲ ਗਿੱਲ। ਸਰਵਸ੍ਰੀ ਸੁਰਜੀਤ ਮਾਧੋਪੁਰੀ, ਮੋਹਣ ਗਿੱਲ ਤੇ ਹਰਭਜਨ ਸਿੰਘ ਮਾਂਗਟ ਵੀ ਤਸਵੀਰ ਵਿਚ ਖੜ੍ਹੇ ਦਿਖਾਈ ਦੇ ਰਹੇ ਹਨ।

ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੇ ਮੈਂਬਰ ਇਕ ਮਾਸਿਕ ਮੀਟਿੰਗ ਸਮੇਂ, ਸ੍ਰੀ ਕਮਲਜੀਤ ਨੀਲੋਂ ਵੀ ਤਸਵੀਰ ਵਿਚ ਬੈਠੇ ਦਿਖਾਈ ਦੇ ਰਹੇ ਹਨ।

ਸਮਰਪਣ

ਇੰਟਰਨੈਸ਼ਨਲ ਪੱਤਰਕਾਰ 'ਤੇ ਲੇਖਕ ਸ਼ਹੀਦ ਸ੍ਰੀ ਤਾਰਾ ਸਿੰਘ ਹੇਅਰ ਅਤੇ ਸਾਬਕਾ
ਮੁੱਖ ਮੰਤਰੀ ਪੰਜਾਬ ਸ੍ਰੀਮਤੀ ਰਜਿੰਦਰ ਕੌਰ ਭੱਠਲ ਨੂੰ

ਤਾਰਾ ਸਿੰਘ ਹੇਅਰ

ਕੈਨੇਡਾ ਫੇਰੀ ਸਮੇਂ ਸ੍ਰੀਮਤੀ ਰਜਿੰਦਰ ਕੌਰ ਭੱਠਲ, ਕਵੀ ਪ੍ਰਿਤਪਾਲ ਗਿੱਲ
'ਤੇ ਉਨ੍ਹਾਂ ਦੀ ਪਤਨੀ ਬਲਜਿੰਦਰ ਕੌਰ ਕੁੱਕੀ ਨਾਲ।

ਪ੍ਰਿਤਪਾਲ ਗਿੱਲ ਦੀ ਕਵਿਤਾ ''ਚੁੱਪ ਦੇ ਜੰਗਲ ਵਿੱਚ ਗੁਆਚੀ ਹੂਕ!''

ਪ੍ਰਿਤਪਾਲ ਗਿੱਲ ਦੀ ਕਵਿਤਾ ਆਮ ਤੌਰ 'ਤੇ ਇਕ ਤਰ੍ਹਾਂ ਦੀ ਬਿਰਹਾ, ਵਿਛੋੜਾ ਤੇ ਚੁੱਪ ਦੇ ਸਾਗਰ ਵਿਚ ਡੁੱਬ ਜਾਣ ਦੇ ਅਹਿਸਾਸ ਦੀ ਕਵਿਤਾ ਹੈ।

''ਲਹੂ ਦੇ ਵਣਜਾਰੇ'' ਕਵਿਤਾ ਵਿਚ ਉਹ ਇਸ ਤਰ੍ਹਾਂ ਹੀ ਵਿਚਰਦਾ ਪ੍ਰਤੀਤ ਹੁੰਦਾ ਹੈ:-

ਲਹੂ ਡੁਲਦਾ ਜਾਵੇ
ਧਰਤੀ ਪੀ ਪੀ ਥੱਕੀ ਜਾਵੇ
ਥੱਕੀ ਜਾਵੇ ਅੱਕੀ ਜਾਵੇ
ਲਹੂ ਧਾਰਾ ਵਿਚ ਰੋਕ ਨਾ ਆਵੇ

ਉਹ ਧਰਤੀ ਉੱਡੇ ਡੁੱਲਦੇ ਲਹੂ ਨੂੰ ਤੱਕਦਾ ਹੈ ਤੇ ਆਖਦਾ ਹੈ ਕਿ ਜਦ ਤੋਂ ਧਰਤੀ ਬਣੀ ਹੈ ਇਹ ਲਹੂ ਡੁੱਲਦਾ ਹੀ ਆ ਰਿਹਾ ਹੈ। ਲਹੂ ਜੰਗ ਵਿਚ ਕਿਸੇ ਬੇਦੋਸ਼ੇ ਦਾ ਡੁਲਦਾ ਹੈ ਜਾਂ ਲੜ ਰਹੇ ਸੈਨਿਕ ਦਾ। ਲਹੂ ਤਾਂ ਲਹੂ ਹੈ ਤੇ ਧਰਤੀ ਜਾਪਦਾ ਹੈ ਥੱਕ ਗਈ ਹੈ। ਅੱਕ ਗਈ ਹੈ ਪਰ ਇਹ ਲਹੂ ਡੁੱਲਣ ਦੇ ਕਾਰਜ ਨੂੰ ਰੋਕਿਆ ਨਹੀਂ ਜਾ ਸਕਿਆ। ਦੇਖਿਆ ਜਾਵੇ ਤਾਂ ਉਸਦੀ ਇਹ ਕਵਿਤਾ ਸੰਸਾਰ-ਅਮਨ ਲਈ ਇਕ ਅਸਿੱਧੀ ਅਪੀਲ ਹੀ ਤਾਂ ਹੈ। ਇਕ ਤਰ੍ਹਾਂ ਨਾਲ ਪ੍ਰਿਤਪਾਲ ਇਹ ਕਵਿਤਾ ਲਿਖਕੇ ਅਮਨ ਦਾ ਕਵੀ ਬਣ ਗਿਆ ਹੈ।

ਜਦ ਕੋਈ ਦੋਸਤ ਭਰ ਜੁਆਨੀ ਵਿਚ ਸਦੀਵੀ-ਵਿਛੋੜਾ ਦੇ ਜਾਂਦਾ ਹੈ ਤਾਂ ਕਵੀ ਦੀ ਅੰਤਰ ਆਤਮਾ ਵਲੂੰਦਰੀ ਜਾਂਦੀ ਹੈ। ਉਹ ਲਿਖਦਾ ਹੈ:-

ਜੋਬਨ ਰੁੱਤੇ ਤੁਰ ਗਏ ਹਾਣੀ
ਕੇਹੀ ਖੇਡ ਰਚਾਈ
ਨੈਣ ਮੇਰੇ 'ਚੋਂ ਹੰਝੂ ਮੁਕ ਗਏ,
ਕਿੱਥੋਂ ਹੋਰ ਲੈ ਆਵਾਂ
ਅੱਖੀਆਂ ਹੋਈਆਂ ਪੱਥਰ ਅੜਿਆ
ਕੇਹਾ ਦਰਦ ਹੰਢਾਵਾਂ

ਤੇ ਇਕ ਥਾਂ ਲਿਖਦਾ ਹੈ:

ਇਕ ਮੇਰਾ ਗੀਤ ਪਰਦੇਸੀਂ ਨੀ ਗੁਆਚਿਆ
ਹਾਉਕਿਆਂ ਦਾ ਸੋਹਣਾ ਉਹ ਗੀਤ।

ਉਹ ਪਰਦੇਸਾਂ ਵਿਚ ਆਪਣੇ ਗੁਆਚੇ ਗੀਤ ਦਾ ਜ਼ਿਕਰ ਵੀ ਕਰਦਾ ਹੈ।

ਉਸਨੂੰ ਅਹਿਸਾਸ ਹੈ ਕਿ ਅਜੇ ਤਾਂ ਰਾਤ ਬਹੁਤ ਬਾਕੀ ਹੈ ਤੇ ਉਹ ਟੇਡੇ ਮੇਡਿਆਂ ਤੇ ਤੁਰਦਿਆਂ ਸਮਾਜ ਵਿਚ ਪੈਰ ਪੈਰ ਤੇ ਵਿਚਰ ਰਹੇ ਲੁਟੇਰਿਆਂ ਪ੍ਰਤੀ ਜਾਗਰੂਕ ਹੈ:

ਰਾਤ ਅਜੇ ਬਹੁਤ ਬਾਕੀ ਹੈ
ਚੱਲਣਾ ਹੈ ਅਜੇ
ਪੈਰ ਪੈਰ ਤੇ ਲੁਟੇਰੇ ਨੇ
ਤੇ ਪੈਂਡਾ ਬੜਾ ਪੱਥਰੀ ਹੈ
ਵਿੰਗਾ ਟੇਡਾ ਉੱਚੀ ਨੀਵਾਂ ਹੈ

ਤੇ ਕਵੀ ਹਿੰਮਤ ਨਹੀਂ ਹਾਰਦਾ। ਬਾਵਜੂਦ ਕਠਨਾਈਆਂ ਦੇ ਉਹ ਨਿਰੰਤਰ ਤੁਰਿਆ ਜਾ ਰਿਹਾ ਹੈ।

ਉਹ ਪੰਜਾਬੀ ਕਵਿਤਾ ਦੇ ਨਾਲ ਅੰਗ੍ਰੇਜ਼ੀ ਕਵਿਤਾਵਾਂ ਵੀ ਪੜ੍ਹਦਾ ਰਹਿੰਦਾ ਹੈ। ਇਕ ਕਵਿਤਾ ''ਅਪਣਾ ਘਰ'' ਇਸ ਗੱਲ ਦਾ ਪ੍ਰਮਾਣ ਹੈ:-

ਕਦੀ ''ਲੂਸੀ ਗਰੇ '' ਦੀ ਤਰ੍ਹਾਂ
ਸੁਕਦੀਆਂ ਤੂਫਾਨੀ ਹਵਾਵਾਂ ਵਿਚ
ਕਦੀ ਕਾਲੀਆਂ ਬੋਲੀਆਂ ਰਾਤਾਂ ਵਿਚ
ਚੀਕਦਾ ਹਾਂ, ਚਿਲਾਉਂਦਾ ਹਾਂ
'ਆਪਣਾ ਘਰ'

(Lucy Gray- W.wordsworth ਦੀ ਕਵਿਤਾ 'Lucy Gray' ਦਾ ਜ਼ਿਕਰ ਹੈ)

ਕਵਿਤਾ 'ਕਲਾਕਾਰ' ਵਿਚ ਉਹ ਉਦਾਸ ਮੌਸਮਾਂ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ:-

ਮੌਸਮ ਉਦਾਸ ਹੈ
ਬੀਆਬਾਨ ਰਾਹਾਂ ਵਿਚ
ਵੈਣਾਂ ਦੀ ਆਵਾਜ਼ ਹੈ!

ਉਹ ਕਹਿੰਦਾ ਹੈ ਕਿ ਮੇਰੇ ਗੀਤਾਂ ਨੂੰ ਤਾਂ ਇਹ ਦੁਨੀਆ ਰਾਸ ਨਹੀਂ ਆਈ:

ਗੀਤ ਮੇਰੇ ਦੇ
ਇਹ ਦੁਨੀਆ ਰਾਸ ਨਾ ਆਈ
ਤੇ ਤਰਲਾ ਲੈਂਦਾ ਹੈ ਕਿ
ਚੁੱਪ ਸਾਡੀ ਨੂੰ ਤੋੜੋ ਨਾ

ਤੇ ਕਵਿਤਾ 'ਕਦੇ ਕਦੇ' ਵਿਚ ਉਹ ਤੋਖਲਾ ਵੀ ਪ੍ਰਗਟ ਕਰਦਾ ਹੈ ਕਿ-

ਕੀ ਪਤਾ ਇਸ ਧਰਤ ਤੇ
ਮੁੜਕੇ ਆਵਾਂ ਜਾਂ ਨਾ ਆਵਾਂ

ਤੇ ਉਹ ਆਖਦਾ ਹੈ ਕਿ 'ਸ਼ਬਦ' ਹੀ ਸਭ ਕੁਝ ਹੈ। ਇਥੋਂ ਤੱਕ ਕਿ:-

ਸ਼ਬਦ ਹੀ 'ਨਾਨਕ'
ਸ਼ਬਦ ਹੀ 'ਬੁੱਲ੍ਹਾ'
ਸ਼ਬਦ ਹੀ 'ਮਸੀਹਾ'

ਕਵੀ ਅਨੁਸਾਰ ਇਹ ਸਾਰਾ ਪਸਾਰਾ ਸ਼ਬਦ ਦਾ ਹੀ ਹੈ।

ਕਵਿਤਾ 'ਮਾਨਵ' ਵਿਚ ਉਹ ਮਨੁੱਖ ਦੀਆਂ 'ਖਾਹਿਸ਼ਾਂ' ਬਿਆਨ ਕਰਦਾ ਹੋਇਆ ਕਹਿੰਦਾ ਹੈ:

ਖਾਹਿਸ਼ਾਂ ਦੀ ਚੱਕੀ ਘੁੰਮਦੀ
ਲੋਭੀ ਮਨ ਨੂੰ ਚੈਨ ਨਾ ਆਵੇ....

ਇਥੇ ਕਵੀ ਸੂਫੀ ਕਵੀਆਂ ਵਾਂਗ ਦਾਰਸ਼ਨਿਕ ਹੋ ਗੁਜ਼ਰਦਾ ਹੈ ਕਿ ਬੰਦਾ ਸਾਰੀ ਉਮਰ ਖਾਹਿਸ਼ਾਂ ਦੀਆਂ ਜੰਜ਼ੀਰਾਂ ਵਿਚ ਜਕੜਿਆ ਰਹਿੰਦਾ ਹੈ....

ਕਵੀ ਅਪਣੇ ਮਹਿਬੂਬ ਨੂੰ ਚੇਤੇ ਕਰਦਾ ਰਹਿੰਦਾ ਹੈ ਭਾਵੇਂ ਉਹ ਚੁੱਪ ਦੇ ਜੰਗਲ ਵਿਚ ਤੁਰਿਆ ਜਾ ਰਿਹਾ ਹੋਵੇ:-

ਯਾਦ ਤੇਰੀ ਦਾ ਪੰਛੀ ਉਡਕੇ
ਮੇਰੇ ਦਿਲ ਦੇ ਵਿਹੜੇ ਆਇਆ....

ਤੇ ਕਹਿੰਦਾ ਹੈ ਕਿ ਮੇਰੀ ਭੁੱਖ ਵਿਚ ਜੀਵਨ ਪਲ ਦਾ, ਅੱਜ ਤੇ ਕੱਲ੍ਹ ਦਾ ਦੀਵਾ ਹੈ ਜਗਦਾ.....

'ਬੋਲ' ਕਵਿਤਾ ਵਿਚ ਉਹ ਨੈਣਾਂ ਨੂੰ ਗ਼ਮ ਦੇ ਖੂਹ ਨਾਲ ਤਸ਼ਬੀਹ ਦੇਂਦਾ ਹੈ:-

ਸਾਡੇ ਨੈਣੀ ਗ਼ਮ ਦੇ ਖੂਹ ਨੇ ਗਿੜ ਦੇ
ਤੂੰ ਸਾਉਣ ਮਹੀਨੇ
ਰੁਣ ਝੁਣ ਲਾ ਸੱਜਣਾ
ਇਕ ਬੋਲ ਅਸਾਡੀ ਝੋਲੀ ਪਾ ਸੱਜਣਾ

ਇਹ ਕਵਿਤਾ ਇਕ ਤਰ੍ਹਾਂ ਨਾਲ ਸੱਜਣਾ ਅੱਗੇ ਅਰਜੋਈ ਹੈ ਕਿ ਕੋਈ ਬੋਲ ਸਾਡੀ ਝੋਲੀ ਪਾ ਜਾ। ਸਾਉਣ ਦਾ ਮਹੀਨਾ ਹੈ ਪਰ ਸਾਡੇ ਨੈਣਾਂ ਦਾ ਖੂਹ ਗਿੜਦਾ ਹੈ.....ਗ਼ਮ ਦਾ ਖੂਹ..... ਕੇਹੀ ਨਿਆਹੀ ਕਵਿਤਾ ਹੈ।

ਕਵਿਤਾ ''ਜਿਊਂਦਾ ਮਨੁੱਖ'' ਵਿਚ ਮਨੁੱਖ ਦੀ ਦੁਬਿਧਾ ਦੇ ਸਨਮੁਖ ਹੁੰਦਾ ਹੈ ਤੇ

ਲਿਖਦਾ ਹੈ ਕਿ

ਸੂਰਜ ਦਾ ਪਰਛਾਵਾਂ ਅਬੁਝ ਹੀ ਰਿਹਾ
ਚੰਦਰਮਾ ਵਲ ਨੀਝ ਲਾਈ ਤੱਕਦਾ ਹੀ ਰਿਹਾ
ਤੇ
ਮੇਰੇ ਕਮਰੇ ਦੀਆਂ ਦੀਵਾਰਾਂ ਹੌਕੇ ਲੈਂਦੀਆਂ ਹੀ ਰਹੀਆਂ
ਤੇ
ਮੈਂ ਕੁਝ ਉਚਰਨ ਤੋਂ ਅਸਮਰਥ ਹੀ ਰਿਹਾ
ਇਸ ਦੁਬਿਧਾ ਵਿਚ
ਕਿ ਮੈਂ ਜਿਉਂਦਾ ਮਨੁੱਖ ਵੀ ਹਾਂ ਜਾਂ ਨਹੀਂ....
ਤੇ
ਜੋ ਬਾਹਰ ਹੈ
ਉਹ ਮੇਰੇ ਦਿਲ ਵਿਚ ਕਤਈ ਨਹੀਂ.....

ਇਸ ਕਵਿਤਾ ਵਿਚ ਕਵੀ ਗੁਰੂ ਘਰਾਂ ਵਿਚ ਚੌਧਰ ਲਈ ਲੜਾਈਆਂ ਦਾ ਵਰਣਨ ਵੀ ਕਰਦਾ ਹੈ ਤੇ ਗਿਰਗਟ ਵਾਂਗ ਬਦਲਦੇ ਮਨੁੱਖਾਂ ਦਾ ਜ਼ਿਕਰ ਵੀ ਕਰਦਾ ਹੈ...ਤੇ ਆਖਦਾ ਹੈ ਕਿ–

ਮੈਂ ਜ਼ਮੀਰ ਦਾ ਗੁਲਾਅਨਾਰੀ
ਕਿਉਂਕਿ ਜ਼ਮੀਰ ਮੇਰੇ ਵਿਚ ਹੈ ਹੀ ਨਹੀਂ
ਪਰ ਮੈਂ ਆਪਣੇ ਹਿੱਤਾਂ ਦਾ ਗੁਲਾਮ ਹਾਂ–

ਬੜੀ ਖੂਬਸੂਰਤੀ ਨਾਲ ਉਹ ਅੱਜ ਦੇ ਮਨੁੱਖ ਦੇ ਅੰਦਰ ਝਾਤੀ ਮਾਰ ਗਿਆ ਹੈ।

ਇਸੇ ਤਰ੍ਹਾਂ ਬਾਕੀ ਕਵਿਤਾਵਾਂ ਹਨ ਜਿਨ੍ਹਾਂ ਵਿਚ ਕਵੀ ਉਦਾਸ ਸ਼ਹਿਰ ਨੂੰ ਦੇਖਦਾ ਹੈ ਤਾਂ ਕੂਕ ਉੱਠਦਾ ਹੈ। 'ਗ਼ਦਰ' ਵਰਗੀ ਕਵਿਤਾ ਲਿਖਦਾ ਹੈ...ਹੁੰਗਾਰਾ ਕੌਣ ਭਰੇ ਵਰਗੀ ਕਵਿਤਾ ਵੀ ''ਸੱਚ ਦਾ ਸਿਵਾ ਬਲਦਾ ਹੈ ਖੰਡਰਾਂ ਵਿਚ....ਚੁੱਪ ਨੇ ਲੋਕੀ ਇਹਨਾਂ ਅੰਬਰਾਂ ਵਿਚ....'' ਇਹਨਾਂ ਸਤਰਾਂ ਵਿਚ ਉਹ ਪੰਜਾਬ ਦੇ ਹੰਢਾਏ ਸੰਤਾਪ ਨੂੰ ਕਲਾਮਈ ਢੰਗ ਨਾਲ ਬਿਆਨ ਕਰ ਗਿਆ ਹੈ ਤੇ ਕਵੀ ਚੁੱਪ ਚਾਪ ਚੁੱਪ ਦੇ ਜੰਗਲ ਵਿਚ ਤੁਰਿਆ ਜਾ ਰਿਹਾ ਹੈ– ਉਹਦੇ ਸੀਨੇ ਵਿਚ ਹੂਕ ਹੈ...ਹੋਠਾਂ ਤੇ ਦਰਦ ਦੀ ਬਾਂਸੁਰੀ ਹੈ...

ਉਠ ਜਜ਼ਬਿਆਂ ਨੂੰ ਠੰਡੀਆਂ ਹਵਾਵਾਂ ਨਾਲ ਤੁਲਣਾ ਦੇਣ ਲਈ ਮਜਬੂਰ ਹੈ। ਉਹ ਕਹਿ ਉਠਦਾ ਹੈ ਕਿ ਮੇਰੀ ਚੁੱਪ ਦਾ ਸਾਗਰ ਬੜਾ ਅਜੀਬ ਹੈ। ਉਹ ਕਹਿੰਦਾ ਹੈ:

ਰਾਤ ਕਿਤਨੀ ਬੇਖੌਫ ਹੈ

ਥੱਕੇ ਟੁੱਟੇ ਸੋ ਗਏ
ਸਮੇਂ ਦੇ ਚਿਰਾਗ਼।

'ਅੰਨ੍ਹੀ ਰਾਤ' ਦੀ ਇਹ ਕਵਿਤਾ ਸਭ ਕੁਝ ਬਿਆਨ ਕਰ ਗਈ ਹੈ।

ਪ੍ਰਿਤਪਾਲ ਦੀਆਂ ਕਵਿਤਾਵਾਂ ਭਾਵੇਂ ਚੁੱਪ ਦੇ ਜੰਗਲ ਦੀਆਂ ਹੂਕਾਂ ਹਨ ਪਰ ਫਿਰ ਵੀ ਉਹ ਆਸਵੰਦ ਹੈ ਕਿ ਇਕ ਦਿਨ ਇਹ ਚੁੱਪ ਜ਼ਰੂਰ ਟੁੱਟੇਗੀ ਤੇ ਉਹ ਸੂਰਜਾਂ ਦੇ ਸ਼ਹਿਰ ਪਰਤੇਗਾ...

ਉਹ ਕਾਫ਼ੀ ਸਮੇਂ ਤੋਂ ਕਨੇਡਾ ਵਿਚ ਰਹਿ ਰਿਹਾ ਹੈ ਤੇ ਕਨੇਡੀਅਨ ਜੀਵਨ ਨੇ ਉਸਦੀ ਕਵਿਤਾ ਨੂੰ ਪ੍ਰਭਾਵਿਤ ਵੀ ਕੀਤਾ ਹੈ। ਉਹ ਕਨੇਡਾ 'ਚ ਰਹਿਕੇ ਵੀ ਪੰਜਾਬ ਨੂੰ ਨਹੀਂ ਭੁੱਲ ਸਕਿਆ ਕਿਉਂਕਿ ਹਰ ਪੰਜਾਬੀ ਦੀਆਂ ਜੜ੍ਹਾਂ ਤਾਂ ਪੰਜਾਬ ਵਿਚ ਹਨ। ਉਹਦੀ ਕਵਿਤਾ 'ਸੁੰਨੀਆਂ ਹਵੇਲੀਆਂ' ਵਿਚ ਅਜਿਹੇ ਅਹਿਸਾਸਾਂ ਦੀ ਝਲਕ ਪੈਂਦੀ ਹੈ''

''ਕਿੱਥੇ ਗਈਆਂ ਰੌਣਕਾਂ ਉਹ ਸਾਰੀਆਂ.....''

ਤੇ

ਮੈਨੂੰ ਨਹੀਂ ਚਾਹੀਦੀਆਂ ਅਮੀਰੀਆਂ
ਮੈਂ ਤਾਂ ਮੰਗਦਾ ਫਿਰਾਂ ਫਕੀਰੀਆਂ....

ਇਹ ਇਸੇ ਕਵਿਤਾ ਦੀਆਂ ਸਤਰਾਂ ਹਨ...ਉਸਦਾ ਦਿਲ ਇੱਥੇ ਰਹਿਕੇ ਵੀ ਪੰਜਾਬ ਲਈ ਝੁਰਦਾ ਹੈ....

ਮੈਨੂੰ ਉਹ ਇਕ ਜਿੱਥੇ ਸੰਵੇਦਨਾਸ਼ੀਲ ਕਵੀ ਜਾਪਦਾ ਹੈ ਤੇ ਚੁੱਪ ਦੇ ਸਾਗਰ ਵਿਚ ਗੋਤੇ ਖਾਂਦਾ ਸ਼ਾਇਰ ਲੱਗਦਾ ਹੈ ਜਾਂ ਚੁੱਪ ਦੇ ਜੰਗਲ ਵਿਚ ਉਹ ਇਕ ਗੁਆਚੀ ਹੂਕ ਲਗਦਾ ਹੈ....ਫਿਰ ਵੀ ਉਹ ਆਸਵੰਦ ਹੈ ਕਾਲੀ ਰਾਤ ਪਿੱਛੋਂ ਹੋਣ ਵਾਲੇ ਸਵੇਰੇ ਲਈ ਉਹ ਤਾਂਘ ਦਾ ਹੈ....ਚੁੱਪ ਦਾ ਸਾਗਰ ਤੈਰ ਜਾਣਾ ਲੋਚਦਾ ਹੈ...ਚੁੱਪ ਦਾ ਜੰਗਲ ਗਾਹ ਕੇ ਸ਼ਹਿਰ ਪਰਤ ਜਾਣਾ ਲੋਚਦਾ ਹੈ-

ਮੈਨੂੰ ਆਸ ਹੈ ਕਿ ਉਹ ਹੋਰ ਵੀ ਚੇਤੰਨਤਾ ਨਾਲ ਅਪਣਾ ਕਾਵਿ ਦੀਵਾ ਜਗਾ ਕੇ ਕਵਿਤਾ ਦੇ ਵਿੱਖੜੇ ਪੈਂਡਿਆਂ ਤੇ ਨਿਰੰਤਰ ਤੁਰਦਾ ਰਹੇਗਾ ਤੇ ਇਕ ਨਾ ਇਕ ਦਿਨ ਮੰਜ਼ਿਲ 'ਤੇ ਜ਼ਰੂਰ ਪੁੱਜੇਗਾ।

-ਹਰਭਜਨ ਸਿੰਘ ਮਾਂਗਟ

ਜਨਰਲ ਸਕੱਤਰ
ਕੇਂਦਰੀ ਪੰਜਾਬੀ ਲੇਖਕ ਸਭਾ
(ਉੱਤਰੀ ਅਮਰੀਕਾ) ਕਨੇਡਾ

6767-125 ST
68AVE
SURRY BC
V3W1N7

ਸੂਰਜਾਂ ਨੂੰ ਸੱਦਾ ਦੇਣ ਵਾਲਾ ਪ੍ਰਿਤਪਾਲ ਗਿੱਲ

-ਡਾ. ਬਲਬੀਰ ਸਿੰਘ ਪੂੰਨੀ

ਕਨੇਡਾ ਦੇ ਪੰਜਾਬੀ ਕਵੀਆਂ 'ਚ ਪ੍ਰਿਤਪਾਲ ਗਿੱਲ ਇਕ ਜਾਣਿਆ ਪਹਿਚਾਣਿਆਂ ਨਾਂ ਹੈ ਪਰ ਇਸ ਤੋਂ ਵਧੇਰੇ ਉਹ ਇਕ ਸਟੇਜ ਸੰਚਾਲਕ ਦੇ ਤੌਰ ਤੇ ਵਧੇਰੇ ਜਾਣਿਆ ਜਾਂਦਾ ਹੈ। ਉਹ ਦੂਸਰੇ ਕਵੀਆਂ ਅਤੇ ਸਾਹਿਤਕਾਰਾਂ ਨੂੰ ਲੋਕਾਂ ਦੇ ਸਨਮੁਖ ਕਰ ਕੇ ਵਧੇਰੇ ਆਨੰਦ ਪ੍ਰਾਪਤ ਕਰਦਾ ਹੈ। ਉਸਦੇ ਮਨ 'ਚ ਹਮੇਸ਼ਾਂ ਇਹ ਹੁੰਦਾ ਹੈ ਕਿ ਕੋਈ ਕਵੀ ਸੱਜਣ ਆਪਣੀ ਰਚਨਾ ਸੁਣਾਉਣ ਤੋਂ ਨਾ ਰਹਿ ਜਾਵੇ ਇਸ ਲਈ ਕਈ ਵਾਰ ਉਸਨੂੰ ਆਪਣਾ ਕਲਾਮ ਸੁਣਾਉਣ ਦਾ ਮੌਕਾ ਨਹੀਂ ਮਿਲਦਾ। ਇਹ ਲੰਮ ਸਲੰਮਾ ਨੌਜਵਾਨ ਜਦੋਂ ਸਟੇਜ ਤੋਂ ਗੜਕਵੀਂ ਆਵਾਜ਼ ਵਿਚ ਕਵਿਤਾ ਉਚਾਰਨ ਕਰਦਾ ਹੈ ਤਾਂ ਕਵਿਤਾ ਸਰੋਤਿਆਂ ਦੇ ਮਨਾਂ 'ਚ ਧੂਹ ਪਾਉਂਦੀ ਜਾਂਦੀ ਹੈ। ਜਿੱਥੇ ਪ੍ਰਿਤਪਾਲ ਸਟੇਜ ਦਾ ਧਨੀ ਹੈ ਉਥੇ ਉਸ ਦੀਆਂ ਰਚਨਾਵਾਂ ਪੜ੍ਹਨ 'ਚ ਪਾਠਕ ਆਨੰਦ ਮਹਿਸੂਸ ਕਰਦਾ ਹੈ। ਉਸ ਨੇ ਬਹੁਤ ਘੱਟ ਲਿਖਿਆ ਅਤੇ ਵਧੀਆ ਲਿਖਿਆ ਹੈ। ਉਹ ਕਾਵਿ ਸੰਗ੍ਰਹਿ ਛਪਾਉਣ ਦੀ ਕਾਹਲ 'ਚ ਨਹੀਂ ਹੈ ਸ਼ਾਇਦ ਇਸੇ ਕਰ ਕੇ ਉਸ ਦਾ ਅਜੇ ਕੋਈ ਕਾਵਿ ਸੰਗ੍ਰਹਿ ਪਾਠਕਾਂ ਨੂੰ ਪ੍ਰਾਪਤ ਨਹੀਂ ਹੋ ਸਕਿਆ। ਉਂਜ ਉਸਦੇ ਦੱਸਣ ਅਨੁਸਾਰ ਉਸ ਕੋਲ ਤਿੰਨ ਪੁਸਤਕਾਂ ਦੇ ਖਰੜੇ ਤਿਆਰ ਹਨ। ਗਿੱਲ ਦੀਆਂ ਆਮ ਰਚਨਾਵਾਂ ਦੇਸ਼ ਵਿਦੇਸ਼ ਦੇ ਪ੍ਰਮੁਖ ਮੈਗਜ਼ੀਨਾਂ ਅਤੇ ਅਖ਼ਬਾਰਾਂ 'ਚ ਛਪਦੀਆਂ ਰਹਿੰਦੀਆਂ ਹਨ।

ਪ੍ਰਿਤਪਾਲ ਇਕ ਸੰਵੇਦਨਸ਼ੀਲ ਕਵੀ ਹੈ। ਉਸ ਦੀ ਚੇਤਨ ਅੱਖ ਜਿਵੇਂ ਮਹਿਸੂਸ ਕਰਦੀ ਹੈ ਉਵੇਂ ਉਹ ਲਿਖਦਾ ਹੈ। ਜ਼ਿੰਦਗੀ ਦੇ ਰੌਸ਼ਨ ਪੱਖ ਅਤੇ ਹਨ੍ਹੇਰੇ ਪੱਖਾਂ ਦੋਨਾਂ ਨੂੰ ਪ੍ਰਸਤੁਤ ਕਰਦੀ ਹੈ। ਪਰ ਉਹ ਹਨ੍ਹੇਰਿਆਂ 'ਚ ਸੂਰਜ ਜਗਾਉਣ ਦੀ ਗੱਲ ਕਰਦਾ ਹੈ।

ਕਾਲਖਾਂ ਦੇ ਖੂਹ ਗਿੜਦੇ ਨੀ ਮਾਏ
ਦੇਵਾਂ ਨੀ ਮੈਂ ਸੂਰਜਾਂ ਨੂੰ ਸੱਦਾ
ਗਗਨਾਂ 'ਚ ਦਿਸੇ ਨਾ ਕੋਈ
ਮੇਰਾ ਮਨ ਰੋਵੇ ਇਉਂ ਰੋਹੀ 'ਚ ਟਟਹਿਰੀਆਂ।

ਅਤੀਤ ਸਾਡੇ ਜੀਵਨ 'ਚ ਪਰਛਾਵੇਂ ਵਾਂਗ ਤਰਿਆ ਰਹਿੰਦਾ ਹੈ। ਅਤੀਤ ਦੀਆਂ ਖੁਸ਼ੀਆਂ, ਗਮੀਆਂ ਸਾਡੇ ਅਚੇਤ ਮਨ 'ਚ ਹਮੇਸਾ ਵਿਚਰਦੀਆਂ ਰਹਿੰਦੀਆਂ ਹਨ। ਅਤੀਤ 'ਚ ਬਿਤਾਏ ਪਲ ਸਾਨੂੰ ਕਈ ਵਾਰ ਬੇਚੈਨ ਕਰ ਦਿੰਦੇ ਹਨ। ਕਵੀ ਬੀਤੇ ਦਿਨਾਂ ਨੂੰ ਵਾਪਸ ਪਰਤਾਉਣ ਦੀ ਗੱਲ ਕਰਦਾ ਹੈ। ਭਾਵੇਂ ਉਸ ਨੂੰ ਇਸ ਵੱਟੇ ਕੁਝ ਵੀ ਦੇਣਾ ਪਵੇ। ਕਵੀ ਮਨ ਦਾ ਸਕੂਨ ਚਾਹੁੰਦਾ ਹੈ ਨਾ ਕਿ ਪਦਾਰਥਵਾਦੀ ਸੁਖ। ਮਨ ਦਾ ਚੈਨ ਸਭ ਤੋਂ ਵੱਡੀ ਖੁਸ਼ੀ ਅਤੇ

ਪ੍ਰਾਪਤੀ ਹੁੰਦੀ ਹੈ। ਇਹੋ ਜਿਹੀ ਗੱਲ ਗਿੱਲ ਕਰਦਾ ਹੈ:

ਮੈਨੂੰ ਨਹੀਂ ਚਾਹੀਦੀਆਂ ਅਮੀਰੀਆਂ
ਮੈਂ ਤਾਂ ਮੰਗਦਾ ਫਿਰਾਂ ਫਕੀਰੀਆਂ।

ਹਰ ਕਨੇਡੀਅਨ ਪੰਜਾਬੀ ਕਵੀ ਨੇ ਆਪਣੇ ਪਿਛੋਕੜ 'ਚ ਬਿਤਾਏ ਦਿਨਾਂ ਅਤੇ ਮਿੱਟੀ ਦੇ ਮੋਹ ਦੀ ਗੱਲ ਕੀਤੀ ਹੈ। ਭਾਵੇਂ ਉਹ ਇਸ ਧਰਤ ਤੇ ਪਹਿਲਾਂ ਦੁੱਖ ਤਕਲੀਫਾਂ ਝੱਲਣ ਤੋਂ ਪਿੱਛੋਂ ਆਰਾਮ ਦੀ ਜ਼ਿੰਦਗੀ ਜਿਊ ਰਹੇ ਹਨ। ਉਹਨਾਂ ਨੂੰ ਆਪਣਾ ਅਤੀਤ ਵਧੇਰੇ ਵਧੀਆ ਲੱਗਦਾ ਹੈ:-

ਅਸੀਂ ਕਿਹੜਾ ਘੱਟ ਸਾਂ
ਜਦੋਂ ਉਡਦੇ ਸਾਂ ਅੰਬਰਾਂ 'ਚ
ਤੇਰੇ ਪਿੱਛੇ ਛੱਡ ਆਏ ਸਰਦਾਰੀਆਂ
ਅੱਜ ਮੇਰਾ ਦਿਲ ਜਿਉਂ ਸੁੰਨੀਆਂ ਹਵੇਲੀਆਂ
ਚੜ੍ਹ ਚੜ੍ਹ ਆਉਂਦੀਆਂ ਨੇ ਯਾਦਾਂ ਹੁਣ ਤੇਰੀਆਂ।

ਪੰਜਾਬ 'ਚ ਪਿਛਲੇ ਸਮੇਂ ਜੋ ਕਾਲੀ ਬੋਲੀ ਰਾਤ ਦੀ ਹਨ੍ਹੇਰੀ ਰਾਤ ਸੀ ਉਸ ਨੇ ਹਰ ਇਕ ਨੂੰ ਝੰਜੋੜ ਕੇ ਰੱਖ ਦਿੱਤਾ। ਜਿੱਥੇ ਮੌਤ ਦੀ ਦਹਿਸ਼ਤ ਫੈਲੀ ਹੋਈ ਸੀ ਨਿੱਤ ਪਿੰਡ-ਪਿੰਡ ਸਿਵੇ ਬਲਦੇ ਸਨ। ਲੋਕਾਂ 'ਚ ਇਕ ਸਹਿਮ ਅਤੇ ਡਰ ਦਾ ਮਾਹੌਲ ਸੀ। ਸੱਚ ਕਹਿਣ 'ਚ ਕਿਸੇ ਦੀ ਹਿੰਮਤ ਨਹੀਂ ਸੀ, ਸਭ ਡਰੇ ਡਰੇ ਸਨ। ਇਹੋ ਜਿਹਾ ਅਹਿਸਾਸ ਹੀ ਗਿੱਲ ਦੀ ਕਵਿਤਾ 'ਚ ਹੈ:-

ਰਾਤ!
ਜ਼ਹਿਰੀਲੀ ਹਵਾ ਸ਼ੂਕਦੀ
ਇਸ ਰਾਤ
ਡਸਿਆ ਹੈ ਇਸਨੂੰ
ਹਨੇਰੇ ਦੇ ਨਾਗਾਂ
ਕਣ ਕਣ 'ਚੋਂ ਫੁਕਾਰੇ
ਮਾਰਦੇ ਨੇ ਨਾਗ
ਜ਼ਹਿਰ ਹੈ, ਜ਼ਹਿਰ ਹੈ
ਹਰ ਪਲ, ਹਰ ਛਿੰਨ ਜ਼ਹਿਰ ਹੈ
ਕਹਿਰ ਹੈ, ਹਾਏ ਕਹਿਰ ਹੈ।

ਪਰ ਕਵੀ ਨਿਰਾਸ਼ਾ 'ਚੋਂ ਵੀ ਆਸ਼ਾ ਦੀ ਕਿਰਨ ਲੱਭਣ ਦੀ ਕੋਸ਼ਿਸ਼ 'ਚ ਹੈ ਕਿ

ਸ਼ਾਇਦ ਕਿਧਰੋਂ ਉਸ ਨੂੰ ਕੋਈ ਆਸ ਦੀ ਕਿਰਨ ਲੱਭ ਪਵੇ:

ਕਦੇ! ਕਦੇ!
ਮੈਂ ਰਾਤ ਬਰਾਤੇ
ਟੁਰਦਾ ਜਾਵਾਂ ਟੁਰਦਾ ਜਾਵਾਂ
ਇਸ ਆਸ ਤੇ
ਸ਼ਾਇਦ ਹਨੇਰੇ ਦੇ ਜੰਗਲ 'ਚ
ਆਪਣੇ ਮਿਲ ਜਾਵਣ।

ਇਸ ਤਰ੍ਹਾਂ ਪ੍ਰਿਤਪਾਲ ਦੀ ਕਵਿਤਾ ਦਾ ਸਫਰ ਹਨੇਰੇ ਵੱਲ ਤੁਰਦਿਆਂ ਚਾਨਣ ਦੀ ਤਲਾਸ਼ ਵੱਲ ਤੁਰਿਆ ਜਾ ਰਿਹਾ ਹੈ। ਉਸ ਦੀਆਂ ਕਵਿਤਾਵਾਂ ਜਿੱਥੇ ਵਿਸ਼ੇ ਪੱਖੋਂ ਨਿਰੋਈਆਂ ਹਨ, ਉਥੇ ਉਹ ਰੂਪਕ ਪੱਖ ਤੋਂ ਵਧੀਆ ਕਵਿਤਾਵਾਂ ਕਹੀਆਂ ਜਾ ਸਕਦੀਆਂ ਹਨ। ਵਿਚਾਰਮਈ ਕਵਿਤਾ ਹੋਣ ਦੇ ਬਾਵਜੂਦ ਵੀ ਉਹਨਾਂ 'ਚ ਸਰੋਦੀ ਅੰਸ਼ ਭਾਰੂ ਹੈ। ਕਈਆਂ ਕਵਿਤਾਵਾਂ ਦੇ ਮੁਖੜੇ ਗੀਤਾਂ ਵਰਗੇ ਲੱਗਦੇ ਹਨ, ਇਹਨਾਂ 'ਚੋਂ ਸੰਗੀਤਕ ਹੂਕ ਨਿਕਲਦੀ ਹੈ।

ਪਿਛਲੇ ਕਾਫੀ ਸਮੇਂ ਤੋਂ ਕਨੇਡਾ 'ਚ ਰਹਿ ਰਿਹਾ ਗਿੱਲ ਇਥੋਂ ਦੀ ਜ਼ਿੰਦਗੀ ਬਾਰੇ ਅੰਸ਼ਕ ਰੂਪ 'ਚ ਲਿਖਦਾ ਹੈ ਜਿਵੇਂ ਜਿਵੇਂ ਉਸ ਦਾ ਜੀਵਨ ਅਨੁਭਵ ਵਧੇਗਾ ਤਿਵੇਂ ਉਸਦੀ ਕਵਿਤਾ ਜ਼ਿੰਦਗੀ ਦੇ ਹੋਰ ਨੇੜੇ ਹੁੰਦੀ ਜਾਵੇਗੀ।

ਅਜਿਹਾ ਵਾਪਰਨਾ ਸੁਭਾਵਕ ਹੈ ਕਿਉਂਕਿ ਕਨੇਡੀਅਨ ਪੰਜਾਬੀ ਕਵਿਤਾ ਪ੍ਰਵਾਸ ਤੋਂ ਸਫਰ ਕਰਦੀ ਹੋਈ ਹੁਣ ਅਵਾਸੀ ਕਵਿਤਾ ਬਣ ਗਈ ਹੈ। ਕਨੇਡਾ ਦੀ ਧਰਤੀ ਹੁਣ ਉਸਨੂੰ ਓਪਰੀ ਨਹੀਂ ਲੱਗਦੀ ਹੈ। ਸਗੋਂ ਉਸਨੂੰ ਇਹ ਧਰਤੀ ਹੀ ਆਪਣੀ ਲੱਗਦੀ ਹੈ। ਅੱਜ ਦਾ ਕਵੀ ਪੰਜਾਬ ਦੇ ਪਿੱਪਲ ਨੂੰ ਮੈਪਿਲ ਦੇ ਨਵੇਂ ਰੂਪ 'ਚ ਦੇਖਦਾ ਹੈ। ਪੰਜਾਬੀ ਕਵਿਤਾ 'ਚ ਨਵੇਂ ਝੁਕਾਅ ਆ ਰਹੇ ਹਨ। ਉਹ ਦੇਸ਼ਾਂ ਦੇ ਹੱਦਾਂ ਬੰਨ੍ਹੇ ਟੱਪ ਗਲੋਬਲ ਹੋ ਰਹੀ ਹੈ। ਸੰਚਾਰ ਸਾਧਨਾਂ ਨੇ ਸਮੁੱਚੇ ਸੰਸਾਰ ਨੂੰ ਇਕ ਇਕਾਈ ਦਾ ਰੂਪ ਦੇ ਦਿੱਤਾ ਹੈ। ਸੰਸਾਰ ਪੱਧਰ ਦੇ ਵਾਪਰਦੇ ਵਰਤਾਰੇ ਤੋਂ ਅਜੋਕਾ ਕਵੀ ਅਭਿੱਜ ਨਹੀਂ ਰਹਿ ਸਕਦਾ। ਸਮੁੱਚੀ ਮਾਨਵਤਾ ਦੇ ਦੁਖ ਸੁਖ ਸਾਂਝੇ ਹਨ। ਉਸ ਦੀਆਂ ਪ੍ਰੇਸ਼ਾਨੀਆਂ ਸਾਂਝੀਆਂ ਹਨ। ਅੱਜ ਦਾ ਮਨੁੱਖ ਜੰਗ ਦੀ ਥਾਂ ਅਮਨ ਚਾਹੁੰਦਾ ਹੈ। ਚਾਹੇ ਹਮਲਾ ਕਰਨ ਵਾਲਾ ਹੈ ਜਾਂ ਜਿਸ ਉੱਪਰ ਹਮਲਾ ਹੋ ਰਿਹਾ ਹੈ। ਉਹ ਤਮਾਸ਼ਬੀਨ ਨਹੀਂ ਬਣ ਰਿਹਾ ਨਾ ਹੀ ਉਸ 'ਚ ਅੰਨ੍ਹੀ ਦੇਸ਼ ਭਗਤੀ ਹੈ। ਪੰਜਾਬੀ ਕਵੀ ਵੀ ਇਸ ਨਵੇਂ ਝੁਕਾਅ ਦੀ ਕਵਿਤਾ ਲਿਖ ਰਹੇ ਹਨ। ਪ੍ਰਿਤਪਾਲ ਤੋਂ ਵੀ ਅਜਿਹੀ ਆਸ ਕੀਤੀ ਜਾਂਦੀ ਹੈ।

'ਕੁਦਰਤ ਦਾ ਕਵੀ' ਪ੍ਰਿਤਪਾਲ ਗਿੱਲ

ਪ੍ਰਿਤਪਾਲ ਗਿੱਲ ਦਾ ਨਾਂ ਚਾਹੇ ਪੰਜਾਬੀ ਪਾਠਕਾਂ ਲਈ ਨਵਾਂ ਹੈ ਪਰ ਉਹ ਬਿਲਕੁਲ ਨਵਾਂ ਵੀ ਨਹੀਂ। ਉਤਰੀ ਅਮਰੀਕਾ ਦੇ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਵਿਚ ਇਕ ਨਾਂ ਬੜੀ ਚੰਗੀ ਤਰ੍ਹਾਂ ਜਾਣਿਆ ਪਹਿਚਾਣਿਆ ਹੈ। ਪਿਛਲੇ ਕੋਈ ਤਿੰਨ ਦਹਾਕਿਆਂ ਤੋਂ ਉਹ ਪਰਦੇਸ ਹੰਢਾ ਰਿਹਾ ਹੈ। ਪੰਜਾਬ ਦੀ ਧਰਤੀ ਤੇ ਜਨਮ ਲੈ ਕੇ ਚੰਡੀਗੜ੍ਹ ਤੋਂ ਲੈ ਕੇ ਅੰਮ੍ਰਿਤਸਰ ਤਕ ਦੇ ਵਿਦਿਅਕ ਅਦਾਰਿਆਂ ਤੋਂ ਵਿਦਿਆ ਪ੍ਰਾਪਤ ਕਰਕੇ ਉਹ ਭਰ ਜਵਾਨ ਉਮਰ ਵਿਚ ਕਨੇਡਾ ਵਿਚ ਆ ਵਸਿਆ। ਪਹਿਲਾਂ ਉਸ ਨੇ ਆਪਣੇ ਆਪ ਨੂੰ ਰੋਜੀ ਰੋਟੀ ਲਈ ਸਥਾਪਤ ਕੀਤਾ। ਇਸ ਸਮੇਂ ਦੌਰਾਨ ਉਸ ਦੇ ਅੰਦਰ ਸਾਹਿਤ ਪ੍ਰਤੀ ਮੋਹ ਦੀ ਚਿਣਗ ਰੂਹ ਦੇ ਧੁਰ ਅੰਦਰ ਕਿਤੇ ਸੁਲਘਦੀ ਰਹੀ। ਕਦੇ ਕੁਝ ਲਿਖ ਲੈਣਾ ਅਤੇ ਫਿਰ 'ਇੰਡੋ ਕਨੇਡੀਅਨ ਟਾਇਮਜ਼' ਵਿਚ ਛਪਣ ਲਈ ਭੇਜ ਦੇਣਾ ਫਿਰ ਛਪਣ ਤੋਂ ਬਾਅਦ ਕੁਝ ਹੋਰ ਰਚਣਾਂ ਫਿਰ ਛਪਵਾਉਣਾ। ਇਸ ਨਾਲ ਉਸ ਦੀ ਰੂਹ ਪੂਰੀ ਸੰਤੁਸ਼ਟ ਨਹੀਂ ਸੀ। ਉਹ ਤਾਂ ਲੇਖਕਾਂ ਵਿਚ ਵਿਚਰ ਕੇ ਕੁਝ ਸਿੱਖਣਾ ਅਤੇ ਕਹਿਣਾ ਚਾਹੁੰਦਾ ਸੀ।

ਕਨੇਡਾ ਦੇ ਸ਼ਹਿਰ ਐਡਮੈਂਟਨ ਵਿਚੋਂ ਜਦੋਂ ਉਹ ਵੈਨਕੂਵਰ ਵਸਣ ਲਈ ਆਇਆ ਉਸੇ ਸਮੇਂ ਮੈਂ ਵੀ ਪਰਿੰਸ ਜੌਰਜ ਸ਼ਹਿਰ ਵਿਚੋਂ ਬਦਲ ਕੇ ਵੈਨਕੂਵਰ ਸ਼ਹਿਰ ਵਿਚ ਆਇਆ ਸਾਂ। ਸਾਹਿਤ ਪਰੇਮ ਨੇ ਸਾਨੂੰ ਮਿਲਾਇਆ। ਕੇਂਦਰੀ ਪੰਜਾਬੀ ਲੇਖਕ ਸਭਾ ਉਤਰੀ ਅਮਰੀਕਾ ਨੂੰ ਸੁਰਜੀਵਤ ਕਰਨ ਲਈ ਅਸੀਂ ਜੁੜ ਪਏ। ਇਹ ਪਹਾੜੀ ਚੜ੍ਹਨ ਜਿੱਡਾ ਔਖਾ ਕਾਰਜ ਸੀ ਪਰ ਅਪਣੇ ਨਿੱਜੀ ਹਿੱਤਾਂ ਨੂੰ ਲਾਂਭੇ ਕਰ ਕੇ ਜਦੋਂ ਅਸੀਂ ਸਭਾ ਨੂੰ ਨਿਸ਼ਾਨਾ ਬਣਾ ਕੇ ਚੱਲੇ ਤਾਂ ਸਾਨੂੰ ਕਈ ਤਰ੍ਹਾਂ ਦੇ ਫਤਵਿਆਂ ਤੇ ਤਾਹਨੇ ਮਹਿਣੇ ਪਏ ਪਰ 'ਸੀਨੇ ਖਿੱਚ ਜਿਨ੍ਹਾ ਨੇ ਖਾਧੀ ਉਹ ਕਰ ਆਰਾਮ ਨਾ ਬਹਿੰਦੇ।' ਉਤਰੀ ਅਮਰੀਕਾ ਦੇ ਸਹਿਰਦ ਲੇਖਕਾਂ ਨਾਲ ਬੈਠਣ ਦਾ ਮੌਕਾ ਬਣਦਾ ਗਿਆ ਫਿਰ ਸਭਾ ਦੇ ਸਥਾਪਤੀ ਦੇ ਨਾਲ ਅੰਤਰ-ਰਾਸ਼ਟਰੀ ਪੱਧਰ ਦੇ ਲੇਖਕਾਂ ਨਾਲ ਬੈਠਣ ਅਤੇ ਸਿੱਖਣ ਦਾ ਮੌਕਾ ਮਿਲਿਆ। ਇਸ ਸਮੇਂ ਦੇ ਦੌਰਾਨ ਪ੍ਰਿਤਪਾਲ ਦੇ ਅੰਦਰ ਦਾ ਕਵੀ ਜੋ ਉਸਲਵੱਟੇ ਲੈਂਦਾ ਸੀ ਕਾਗਜ ਤੇ ਵਹਿਣ ਲੱਗਾ।

ਅੱਜ ਮੈਨੂੰ ਖੁਸ਼ੀ ਹੈ ਕਿ ਉਸਦਾ ਪਲੇਠਾ ਕਾਵਿ ਸੰਗ੍ਰਹਿ ਪਾਠਕਾਂ ਦੇ ਹੱਥਾਂ ਵਿਚ ਹੈ ਅਤੇ ਇਹ ਸਤਰਾਂ ਲਿਖਦਾ ਮੈਂ ਆਪਣੇ ਮਿੱਤਰ ਤੇ ਮਾਣ ਮਹਿਸੂਸ ਕਰ ਰਿਹਾ ਹਾਂ। ਉਸਦੀ ਕਵਿਤਾ ਬਾਰੇ ਮੈਂ ਸੰਖੇਪ ਜਿਹੀ ਗੱਲ ਕਰਾਂਗਾ ਕਿਉਂਕਿ ਉਸਦੀ ਕਵਿਤਾ ਤੁਹਾਡੇ ਨਾਲ ਖੁਦ ਗੱਲ ਕਰੇਗੀ। ਉਸਦੇ ਧੁਰ ਅੰਦਰ ਇਕ ਖਲਾਅ ਹੈ ਜਿਸ ਨੂੰ ਭਰਨ ਲਈ ਉਹ ਕਵਿਤਾ ਲਿਖਦਾ ਹੈ ਤਾਂ ਹੀ ਉਹ ਆਪਣੀ ਕਵਿਤਾ 'ਯਾਦ' ਵਿਚ ਲਿਖਦਾ ਹੈ:-

ਇਕ ਛਿੱਟ ਚਾਨਣ ਖਾਤਰ
ਅਸਾਂ ਨੇ ਸਾਰਾ ਬ੍ਰਹਿਮੰਡ ਵੀ ਗਾਹਿਆ–

ਕਦੇ-ਕਦੇ ਉਹ ਅੰਦਰ ਦਾ ਖਲਾਅ ਭਰਨ ਲਈ ਕੁਦਰਤ ਦਾ ਆਸਰਾ ਲੈਂਦਾ ਹੈ। ਕੁਦਰਤ ਦੇ ਰੰਗਾਂ ਤੋਂ ਉਸ ਦਾ ਮਨ ਬਲਿਹਾਰੇ ਜਾਂਦਾ ਹੈ। ਉਸ ਦੀ ਕਵਿਤਾ 'ਜਿੰਦੇ ਮੇਰੀਏ ' ਵਿਚ ਉਹ ਲਿਖਦਾ ਹੈ–

ਪੂਰਬ ਦੇ ਦਿਸਹੱਦੇ ਤੇ
ਕਿਰਨਾਂ ਦੀ ਭੀੜ ਜੁੜੀ
ਪੰਛੀ ਚਹਿਕੇ ਕੋਇਲ ਕੂਕੇ
ਮੈਂ ਰੱਬੀ ਲੀਲਾ ਤੋਂ ਬਲਿਹਾਰ
ਗਿਆ ਨੀ ਜਿੰਦੇ ਮੇਰੀਏ।

ਫਿਰ ਉਸ ਦੀ ਕਵਿਤਾ ਅੰਦਰ ਦੇ ਖਲਾਅ ਤੋਂ ਬਾਹਦ ਬ੍ਰਹਿਮੰਡ ਦੇ ਖਲਾਅ ਵਲ ਜਾਂਦਾ ਹੈ। ਧਰਤੀ ਨੂੰ ਉਹ ਮਾਂ ਸਮਝਦਾ ਹੋਇਆ ਔਰਤ ਨੂੰ ਧਰਤੀ ਜਿੱਡਾ ਦਰਜਾ ਦਿੰਦਾ ਹੈ। ਔਰਤ ਮਾਨਵਤਾ ਦੀ ਜਨਮਦਾਤੀ ਹੈ ਤੇ ਧਰਤੀ ਸਾਰੀ ਪ੍ਰਕਿਰਤੀ ਨੂੰ ਜਨਮ ਦਿੰਦੀ ਹੈ। ਇਹ ਸਮਾਨਤਾ ਹੀ ਉਸਨੂੰ ਇਹ ਸਤਰਾਂ ਰਚਣ ਲਈ ਪ੍ਰੇਰਦੀ ਹੈ–

ਮੈਂ ਹਾਂ ਧਰਤੀ,
ਮੇਰੀ ਕੁਖ ਵਿਚ ਜੀਵਨ ਪਲਦਾ।
ਅੱਜ ਤੋਂ ਕੱਲ੍ਹ ਦਾ ਦੀਪ ਹੈ ਬਲਦਾ।
ਮੈਂ ਸ੍ਰਿਸ਼ਟੀ ਦੀ ਰਚਣਹਾਰੀ,
ਸਮਝਣ ਮੈਨੂੰ ਅਬਲਾ ਨਾਰੀ।
ਆਖਰ ਮੈਂ ਹਾਂ ਧਰਤੀ,
ਮੈਂ ਹਾਂ ਧਰਤੀ।

ਮੈਂ ਪ੍ਰਿਤਪਾਲ ਗਿੱਲ ਨੂੰ ਉਸਦੀ ਇਹ ਕਾਵਿ ਪੁਸਤਕ ਦੀ ਆਮਦ ਤੇ ਵਧਾਈ ਦਿੰਦਾ ਹੋਇਆ ਭਵਿੱਖ ਲਈ ਸ਼ੁਭ ਇਛਾਵਾਂ ਦਿੰਦਾ ਹਾਂ। ਉਮੀਦ ਹੈ ਕਿ ਇਹ ਪੁਸਤਕ ਉਸ ਦੀਆਂ ਭਵਿੱਖ ਦੀਆਂ ਰਚਨਾਵਾਂ ਦੀ ਇਮਾਰਤ ਦੀ ਇਕ ਨਿੱਗਰ ਨੀਂਹ ਪੱਥਰ ਸਾਬਿਤ ਹੋਵੇਗੀ।

ਮੋਹਨ ਗਿੱਲ
12451-73AAVE
SURREY, B.C.
CANADA V3W0M2

ਮੇਰਾ ਕਲਮੀ ਸਫ਼ਰ

ਪ੍ਰਿਤਪਾਲ ਸਿੰਘ ਗਿੱਲ
ਸਰੀ ਬੀ ਸੀ ਕਨੇਡਾ

ਮੇਰਾ ਜਨਮ ਕਸਬਾ ਮੋਰਿੰਡਾ ਜ਼ਿਲ੍ਹਾ ਰੋਪੜ, ਪੰਜਾਬ ਵਿਚ ਹੋਇਆ। ਮੁਢਲੀ ਵਿਦਿਆ ਗੌਰਮਿੰਟ ਹਾਈ ਸਕੂਲ ਮੋਰਿੰਡਾ ਤੋਂ ਪ੍ਰਾਪਤ ਕੀਤੀ। ਬਾਅਦ ਵਿਚ ਮੈਂ ਆਪਣੇ ਵੱਡੇ ਭਰਾ ਕੋਲ ਖਾਲਸਾ ਕਾਲਜ ਅੰਮ੍ਰਿਤਸਰ ਚਲਾ ਗਿਆ ਅਤੇ ਪੜ੍ਹਨ ਲੱਗਾ। ਕੁਝ ਸਾਲ ਉਥੇ ਪੜ੍ਹਨ ਉਪਰੰਤ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਤੋਂ ਬੀ.ਏ. ਕੀਤੀ ਤੇ ਫਿਰ ਡੇ ਹਰਾਦੂਨ ਲਾਅ ਵਿਚ ਦਾਖਲਾ ਲੈ ਲਿਆ। ਉੱਥੇ ਪੜ੍ਹਨ ਸਮੇਂ ਇਕ ਸੋਚੀ ਘਟਨਾ ਦੇ ਅਧਾਰਤ ਨਿਹੰਗ ਸਿੰਘ ਤੇ ਕਹਾਣੀ ਲਿਖੀ ਜੋ 'ਅਜੀਤ' ਅਖ਼ਬਾਰ ਜਲੰਧਰ ਦੇ ਮੁੱਖ ਪੰਨੇ ਤੇ ਛਾਪ ਕੇ ਮੇਰੀ ਹੌਸਲਾ ਅਫ਼ਜਾਈ ਕੀਤੀ। ਕਾਨੂੰਨ ਦੀ ਪੜ੍ਹਾਈ ਕਰਦੇ ਸਮੇਂ ਹੀ ਮੇਰਾ ਰਿਸ਼ਤਾ ਕੈਨੇਡਾ ਵਿਚ ਵੈਨਕੂਵਰ ਦੇ ਨੇੜੇ ਲੱਗਦੇ ਕਸਬੇ ਐਬਟਸਫੋਰਡ ਵਿਚ ਹੋ ਗਿਆ। ਵਿਆਹ ਤੋਂ ਬਾਅਦ ਇਕ ਸਾਲ ਵੈਨਕੂਵਰ ਰਹਿਣ ਤੋਂ ਬਾਅਦ ਮੈਂ ਬ੍ਰਿਟਸ਼ ਕਲੰਬੀਆ ਦੇ ਨਾਲ ਲੱਗਦੇ ਸੂਬੇ ਅਲਬਰਟਾ ਦੇ ਸ਼ਹਿਰ ਐਡਮੰਟਨ ਵਿਚ ਜਾ ਕੇ ਰਹਿਣ ਲੱਗ ਪਿਆ। ਉੱਥੇ ਮੈਂ ਸਾਹਿਤਕ ਅਤੇ ਸਭਿਆਚਾਰਕ ਸੰਸਥਾਵਾਂ ਵਿਚ ਸਰਗਰਮੀ ਨਾਲ ਭਾਗ ਲੈਣ ਲੱਗਾ। ਇਸੇ ਦੌਰਾਨ ਸਰੀ ਤੋਂ ਹਫਤਾਵਾਰੀ ਛਪਦੇ ਪ੍ਰਸਿੱਧ ਅਖਬਾਰ ''ਇੰਡੋ ਕਨੇਡੀਅਨ ਟਾਈਮਜ਼'' ਲਈ ਕਹਾਣੀਆਂ ਤੇ ਕਵਿਤਾਵਾਂ ਲਿਖਣ ਲੱਗਾ, ਨਾਲ ਦੀ ਨਾਲ ਮੈਂ ਇਸ ਅਖ਼ਬਾਰ ਲਈ ਰਿਪੋਰਟਿੰਗ ਵੀ ਕਰਦਾ ਰਿਹਾ। **1984** ਵਿਚ ਜਦੋਂ ਦਰਬਾਰ ਸਾਹਿਬ ਤੇ ਹਮਲਾ ਹੋਇਆ ਮੈਂ ਅੰਮ੍ਰਿਤਸਰ ਬਾਰੇ ਇਕ ਕਵਿਤਾ ''ਸ਼ਹਿਰ'' ਲਿਖੀ ਜੋ ''ਇੰਡੋ ਕਨੇਡੀਅਨ'' ਵਿਚ ਛਪੀ ਇਸ ਕਵਿਤਾ ਨੂੰ ਪੜ੍ਹਕੇ ਪ੍ਰਸਿਧ ਨਾਟਕਕਾਰ ਸੁਰਜੀਤ ਸਿੰਘ ਸੇਠੀ ਨੇ ਮੈਨੂੰ ਫੋਨ ਤੇ ਵਧਾਈ ਦਿੱਤੀ ਅਤੇ ਮੈਨੂੰ ਹੋਰ ਚੰਗਾ ਲਿਖਣ ਲਈ ਹੌਸਲਾ ਵਧਾ ਦਿੱਤਾ। ਮੇਰੀ ਇਸੇ ਸਾਹਿਤਕ ਭੁੱਖ ਨੇ ਮੈਨੂੰ ਵਾਪਸ ਵੈਨਕੂਵਰ-ਸਰੀ ਵਿਚ **1991** ਵਿਚ ਲੈ ਆਂਦਾ। ਮੈਨੂੰ ਆਉਂਦੇ ਸਾਰ ਹੀ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦਾ ਜਨਰਲ ਸਕੱਤਰ ਬਣਾ ਦਿੱਤਾ ਗਿਆ ਜੋ ਮੈਂ ਤਕਰੀਬਨ **7** ਕੁ ਸਾਲ ਇਹ ਸੇਵਾਵਾਂ ਨਿਭਾਈਆਂ। ਇਸ ਸੰਸਥਾ ਦੇ ਪ੍ਰਧਾਨ ਸ: ਗੁਰਦੇਵ ਸਿੰਘ ਮਾਨ ਸਨ। ਸ. ਤਾਰਾ ਸਿੰਘ ਹੇ ਅਰ, ਰਵਿੰਦਰ ਰਵੀ ਅਤੇ ਡਾਕਟਰ ਗੁਰਮੇਲ ਸਿੱਧੂ ਵਰਗੇ ਸਾਹਿਤਕਾਰਾਂ ਨਾਲ ਮੇਲ ਮਿਲਾਪ ਹੋਇਆ ਤੇ ਉਹਨਾਂ ਤੋਂ ਬਹੁਤ ਕੁੱਝ ਸਿੱਖਣ ਦਾ ਮੌਕਾ ਮਿਲਿਆ। ਇਸ ਦੌਰਾਨ ਹੀ ਮੈਂ ਭਾਰਤ ਅਤੇ ਕਨੇਡਾ ਵਿਚ ਵੱਖ-ਵੱਖ ਮੈਗਜ਼ੀਨਾਂ ਵਿਚ ਅਤੇ ਅਖ਼ਬਾਰਾਂ ਵਿਚ ਛਪਦਾ ਰਿਹਾ। ਮੈਂ ਆਪਣੇ ਜੀਵਨ ਵਿਚ ਤਿੰਨ ਸਖਸ਼ੀਅਤਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਉਹ

ਹਨ ਪ੍ਰਿੰਸੀਪਲ ਗੁਰਬਖ਼ਸ਼ ਸਿੰਘ ਸ਼ੇਰਗਿੱਲ, ਬੀਬੀ ਰਜਿੰਦਰ ਕੌਰ ਭੱਠਲ ਸਾਬਕਾ ਚੀਫ਼ ਮਨਿਸਟਰ ਪੰਜਾਬ ਅਤੇ ਅੰਤਰ ਰਾਸ਼ਟਰੀ ਪ੍ਰਸਿੱਧੀ ਪੱਤਰਕਾਰ ਸ਼ਹੀਦ ਤਾਰਾ ਸਿੰਘ ਹੇਅਰ। ਇਹਨਾਂ ਸਖਸ਼ੀਅਤਾਂ ਨਾਲ ਮੈਨੂੰ ਬਹੁਤ ਨੇੜਿਓਂ ਜਾਨਣ ਅਤੇ ਇਨ੍ਹਾਂ ਨਾਲ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

ਮੇਰੇ ਪਰਿਵਾਰ ਵਿਚ ਮੇਰਾ ਪਿਤਾ ਸ. ਭਗਵਾਨ ਸਿੰਘ ਗਿੱਲ ਜੀ ਨੂੰ ਵੀ ਲਿਖਣ ਦਾ ਸ਼ੌਕ ਸੀ। ਇਸੇ ਤਰ੍ਹਾਂ ਮੇਰੀ ਭੈਣ ਮਹਿੰਦਰ ਕੌਰ ਜੋ ਕਿ ਅੱਜਕਲ੍ਹ ਨਿਊਜ਼ੀਲੈਂਡ ਵਿਚ ਰਹਿੰਦੀ ਹੈ ਉਹ ਵੀ ਕਮਾਲ ਦੀ ਕਵਿਤਰੀ ਹੈ। ਬਚਪਨ ਵਿਚ ਮੈਂ ਉਸਦਾ ਪ੍ਰਭਾਵ ਵੀ ਕਬੂਲਿਆ। ਮੇਰੇ ਦੋ ਵੱਡੇ ਭਰਾ ਐਡਵੋਕੇਟ ਸ. ਸੰਤੋਖ ਸਿੰਘ ਗਿੱਲ ਅਤੇ ਪ੍ਰਿੰਸੀਪਲ ਅਵਤਾਰ ਸਿੰਘ ਗਿੱਲ ਨੇ ਮੈਨੂੰ ਹਮੇਸ਼ਾ ਹੀ ਚੰਗਾ ਲਿਖਣ ਲਈ ਪ੍ਰੇਰਿਆ ਹੈ।

ਹੁਣ ਤੱਕ ਮੈਂ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦਾ ਸਰਗਰਮ ਮੈਂਬਰ ਹਾਂ। ਇਸ ਦੇ ਕਾਰਨ ਹੀ ਮੈਨੂੰ ਅਣਗਿਣਤ ਵਿਦਵਾਨਾਂ ਨੂੰ ਮਿਲਣ ਅਤੇ ਉਨ੍ਹਾਂ ਤੋਂ ਸਿੱਖਣ ਦਾ ਮੌਕਾ ਮਿਲਿਆ। ਸੱਚੀ ਗੱਲ ਤਾਂ ਇਹ ਹੈ ਕਿ ਸੰਸਥਾ ਦੇ ਕੰਮਾਂ ਵਿਚ ਏਨਾ ਰੁਝਿਆ ਰਿਹਾ ਕਿ ਬਹੁਤ ਕੁਝ ਲਿਖਣ ਦੇ ਬਾਵਜੂਦ ਪੁਸਤਕ ਛਪਾਉਣ ਵਲ ਧਿਆਨ ਹੀ ਨਹੀਂ ਗਿਆ। ਹੁਣ ਵੀ ਪ੍ਰਸਿੱਧ ਸ਼ਾਇਰਾਂ ਹਰਭਜਨ ਸਿੰਘ ਮਾਂਗਟ ਅਤੇ ਮੋਹਨ ਗਿੱਲ ਦੇ ਯਤਨਾਂ ਦੇ ਸਦਕੇ ਹੀ ਪੁਸਤਕ ਛਪਾਉਣ ਦੀ ਹਿੰਮਤ ਕਰ ਰਿਹਾ ਹਾਂ। ਇਹਨਾਂ ਸ਼ਾਇਰਾਂ ਲਈ ਮੇਰੇ ਦਿਲ ਵਿਚ ਅਥਾਹ ਸ਼ਰਧਾ ਤੇ ਸਤਿਕਾਰ ਹੈ ਕਿਉਂਕਿ ਇਹ ਵੀ ਲਿਖਾਰੀ ਸਭਾ ਦੇ ਸ਼ੁਭ ਚਿੰਤਕਾਂ ਵਿਚੋਂ ਇਕ ਹਨ। ਪੰਜਾਬੀ ਲੋਕ ਗੀਤ ''ਤੇਰੀ ਮੇਰੀ ਇਕ ਜਿੰਦੜੀ'' ਦੀ ਤਰ੍ਹਾਂ ਹੀ ਮੈਂ ਲਿਖਾਰੀ ਸਭਾ ਨੂੰ ਮੈਂ ਆਪਣੀ ਜਿੰਦ ਜਾਨ ਸਮਝਦਾ ਹਾਂ। ਕਿਉਂਕਿ ਇਸਦੇ ਕਾਰਨ ਹੀ ਮੈਂ ਸ਼ਾਇਰਾਂ ਮਨਜੀਤ ਮੀਤ, ਗਿੱਲ ਮੋਰਾਵਲੀ, ਹਰਚੰਦ ਸਿੰਘ ਬਾਗੜੀ, ਇੰਦਰਜੀਤ ਕੌਰ ਸਿੱਧੂ, ਜੀਵਨ ਰਾਮਪੁਰੀ, ਦਲਜੀਤ ਕਲਿਆਣਪੁਰੀ, ਗੁਰਦੇਵ ਸਿੰਘ ਮਸਤਾਨਾ, ਕਰਮਜੀਤ ਗਰੇਵਾਲ, ਸੁਰਜੀਤ ਸਿੰਘ ਮਾਧੋਪੁਰੀ, ਡਾਕਟਰ ਬਲਬੀਰ ਸਿੰਘ ਪੂਨੀ, ਸੋਹਨ ਸੁਰਿੰਦਰ ਸੰਘਾ, ਸੁੱਚਾ ਸਿੰਘ ਕਲੇਰ ਅਤੇ ਮੋਹਨ ਗਿੱਲ ਨੂੰ ਮਿਲ ਸਕਿਆ ਹਾਂ। ਅਜਾਇਬ ਸਿੰਘ ਸਿੱਧੂ, ਨਦੀਮ ਪਰਮਾਰ, ਅਜਮੇਰ ਰੋਡੇ, ਸੁਰਜੀਤ ਕਲਸੀ ਆਦਿ। ਅੱਜਕਲ੍ਹ ਮੈਂ ਆਪਣੀ ਪਤਨੀ ਬਲਜਿੰਦਰ ਕੌਰ ਗਿੱਲ ਉਰਫ ਕੁੱਕੀ ਅਤੇ ਬੇਟੇ ਅਮੋਲ ਅਤੇ ਵਿਸ਼ਾਲ ਨਾਲ ਕਨੇਡਾ ਦੇ ਸ਼ਹਿਰ ਸਰੀ ਵਿਚ ਖੁਸ਼ੀ ਭਰਿਆ ਜੀਵਨ ਦੋਸਤਾਂ ਮਿੱਤਰਾਂ ਨਾਲ ਰਲਕੇ ਜੀਅ ਰਿਹਾ ਹਾਂ। ਮੈਂ ਜਾਣਦਾ ਹਾਂ ਮਨੁੱਖ ਹਰ ਘੜੀ ਹਰ ਪਲ ਸਿੱਖਦਾ ਰਹਿੰਦਾ ਹੈ। ਕੋਈ ਵੀ ਮਨੁੱਖੀ ਪੂਰਨ ਨਹੀਂ ਹੁੰਦਾ। ਮੇਰੇ ਪਾਠਕ ਬੜੇ ਸੁਹਿਰਦ ਅਤੇ ਸਿਆਣੇ ਹਨ। ਮੇਰੀ ਪੁਸਤਕ ਅਤੇ ਮੇਰੀਆਂ ਕਵਿਤਾਵਾਂ ਵਿਚ ਅਨੇਕਾਂ ਖਾਮੀਆਂ ਹੋ ਸਕਦੀਆਂ ਹਨ, ਮੈਂ ਆਪਣੇ ਪਾਠਕਾਂ ਦੀਆਂ ਸੁਧਾਰ ਕਰਨ ਲਈ ਦਿੱਤੀਆਂ ਰਾਵਾਂ ਦਾ ਸ਼ੁਕਰਗੁਜ਼ਾਰ ਹੋਵਾਂਗਾ ਅਤੇ ਉਹਨਾਂ ਤੇ

ਅਮਲ ਵੀ ਕਰਾਂਗਾ। ਇਸ ਕਾਵਿ-ਸੰਗ੍ਰਹਿ ਵਿਚ ਚੋਣਵੀਆਂ ਕਵਿਤਾਵਾਂ ਹੀ ਸ਼ਾਮਿਲ ਕੀਤੀਆਂ ਗਈਆਂ ਹਨ ਕਿਉਂਕਿ ਇਸ ਤੋਂ ਬਿਨ੍ਹਾਂ ਵੀ ਮੇਰੇ ਕੋਲ ਹੋਰ ਅਣਛਪੀਆਂ ਕਵਿਤਾਵਾਂ ਦਾ। ਜੋ ਅਗਲੀ ਪੁਸਤਕ ਵਿਚ ਪਾਵਾਂਗਾ। ਮੇਰੀਆਂ ਕਵਿਤਾਵਾਂ ਜੀਵਨ ਦੇ ਸਫ਼ਰ ਦੌਰਾਨ ਵਾਪਰੀਆਂ ਘਟਨਾਵਾਂ ਦੇ ਅਧਾਰਿਤ ਮਨ ਦੇ ਅਜੀਬ ਕਿਸਮ ਦੇ ਅਨੁਭਵ ਕਵਿਤਾਂ ਦੇ ਰੂਪ ਵਿਚ ਹਨ। ਉਦਾਹਰਣ ਲਈ ''ਚੁੱਪ ਦਾ ਸਾਗਰ'' ਕਵਿਤਾ ਮੈਂ ਜਦੋਂ ਜਹਾਜ਼ ਵਿਚ **33000** ਹਜ਼ਾਰ ਫੁੱਟ ਦੀ ਉਚਾਈ ਤੋਂ ਉੱਡ ਰਿਹਾ ਸਾਂ। ਤਾਂ ਹੇਠਾਂ ਮੈਂ ਨੀਲਾ ਸ਼ਾਂਤ ਸਮੁੰਦਰ ਤੱਕਿਆ। ਏਡੀ ਵੱਡੀ ਚੁੱਪ- ਬਸ ਇਸ ਅਜੀਬ ਕਿਸਮ ਦੀ ਚੁੱਪ ਵਿਚੋਂ ਕਵਿਤਾ ਨੇ ਜਨਮ ਲਿਆ। ਮੈਨੂੰ ਪਹਿਲੀ ਵਾਰ ਇਹ ਅਹਿਸਾਸ ਹੋਇਆ ਸੀ ਕਿ ਇਸ ਬ੍ਰਹਿਮੰਡ ਵਿਚ ਮੈਂ ਕੌਣ ਹਾਂ? ਇਨਸਾਨ ਕਿਥੋਂ ਆਉਂਦਾ ਹੈ ਅਤੇ ਮਰਨ ਉਪਰੰਤ ਕਿੱਥੇ ਜਾਂਦਾ ਹੈ। ਇਹ ਸੁਆਲ ਅੱਜ ਵੀ ਬ੍ਰਹਿਮੰਡ ਵਿਚ ਪ੍ਰਸੰਨ ਚਿੰਨ ਬਣ ਕੇ ਖੜ੍ਹਾ ਹੈ। ਸੱਚ ਜਾਣੋਂ ਮੈਨੂੰ ਲੱਗਦਾ ਹੈ ਕਿ ਮਨੁੱਖ ਜਿਉਂ-ਜਿਉਂ ਵਿਗਿਆਨ ਪੱਖੋਂ ਤਰੱਕੀ ਕਰ ਰਿਹਾ ਪਰ ਇਸਦੀ ਭਟਕਣ ਉਸੇ ਰਫ਼ਤਾਰ ਵਿਚ ਵਧਦੀ ਜਾ ਰਹੀ ਹੈ। ਮਿਸਾਲ ਵਜੋਂ ਕਨੇਡਾ ਦੁਨੀਆਂ ਦੇ ਸਭ ਤੋਂ ਸੋਹਣੇ ਦੇਸ਼ਾਂ ਵਿਚੋਂ ਇਕ ਹੈ। ਇੱਥੋਂ ਦੇ ਲੋਕ ਸਭ ਤੋਂ ਵੱਧ ਖੁਸ਼ ਹੋਣੇ ਚਾਹੀਦੇ ਹਨ। ਪਰ ਸਚਾਈ ਇਹ ਹੈ ਕਿ ਇੱਥੇ ਵੀ ਬੇਹੱਦ ਭਟਕਣ ਹੈ। ਜਿਸ ਖੁਸ਼ੀ ਨੂੰ ਲੱਭਣ ਲਈ ਅਸੀਂ ਕਨੇਡਾ ਆਏ ਸੀ। ਉਹ ਖੁਸ਼ੀ ਕਿਸੇ ਨੂੰ ਵੀ ਮਿਲੀ ਨਹੀਂ। ਫਿਰ ਖੁਸ਼ੀ ਕਿੱਥੇ ਹੁੰਦੀ ਹੈ? ਖੈਰ ਇਹੋ ਗੱਲਾਂ ਹਨ ਜੋ ਮਨੁੱਖ ਨੂੰ ਸ਼ਾਇਰ ਜਾਂ ਕਲਾਕਾਰ ਬਣਾਉਂਦੀਆਂ ਹਨ।

ਅੰਤ ਵਿਚ ਮੈਂ ਆਪਣੇ ਸੁਹਿਰਦ ਪਾਠਕਾਂ ਤੋਂ ਚੰਗੀ ਰਾਏ ਦੀ ਉਮੀਦ ਰੱਖਾਂਗਾ।

ਤੁਹਾਡਾ ਆਪਣਾ

ਪ੍ਰਿਤਪਾਲ ਸਿੰਘ ਗਿੱਲ

14225-66

ਸਰੀ ਬੀ.ਸੀ. ਕਨੇਡਾ

V3W2B4

ਫੋਨ: **604-591-5152**

ਚੁੱਪ ਦਾ ਸਾਗਰ

ਤੇਰੀ ਮੇਰੀ ਚੁੱਪ ਦਾ ਸਾਗਰ
ਬੜਾ ਅਜੀਬ ਹੈ
ਨਾ ਤੂਫਾਨ ਹੈ ਨਾ ਸ਼ੋਰ ਹੈ
ਉਮਰਾਂ ਨੂੰ ਖਾਣਾ
ਇਹ ਕੇਹਾ ਦੌਰ ਹੈ।

ਦਿਲ ਸਾਗਰ ਦਾ ਰੂਪ ਜਦੋਂ ਹੋ ਜਾਂਦੈ,
ਸਮਝਣਾ ਇਨ੍ਹਾਂ ਨੂੰ ਨਾ ਕੋਈ ਖੇਡ ਹੈ
ਸਮੇਂ ਦਾ ਪੱਲਾ ਫੜ ਕੇ ਤੁਰੀ ਨੇ ਜਾਂਦੇ
ਇਹੋ ਇਨ੍ਹਾਂ ਦਾ ਹੇਜ ਹੈ।
ਪਰ ਤੇਰੀ-ਮੇਰੀ ਚੁੱਪ ਦਾ ਸਾਗਰ
ਬੜਾ ਅਜੀਬ ਹੈ....।

ਸ਼ਬਦਾਂ ਦੀ ਵਹਿੰਗੀ ਮੁੱਦਤਾਂ ਤੋਂ ਢੋਅ ਰਿਹਾ
ਹਰਫ ਤੇਰੇ ਨਾਂ 'ਤੇ ਲਿਖ ਕੇ
ਸੁਰਖਰੂ ਤਾਂ ਹੋ ਰਿਹਾ
ਅਖਰਾਂ ਦੇ ਕਾਲੇ ਕਾਫਲੇ ਨਾ ਮੁਕਦੇ
ਜਿਹਨ ਮੇਰੇ ਦੇ ਭੌਣ 'ਤੇ ਰੀਂਗਦੇ ਨੇ ਜਾ ਰਹੇ,
ਪਰ ਤੇਰੀ ਮੇਰੀ ਚੁੱਪ ਦਾ ਸਾਗਰ
ਬੜਾ ਅਜੀਬ ਹੈ....।

ਨਾੜ੍ਹੀ ਥੋੜ੍ਹੀ ਧਰਤੀ ਵਾਲ ਸੁਕਾਵੇ
ਰਿਸ਼ਮਾਂ ਦਾ ਉਹ ਹਾਰ ਗਲੇ ਵਿਚ ਪਾਵੇ
ਚੰਨ ਦਾ ਟਿੱਕਾ ਲਾ ਕੇ
ਅੰਬਰ-ਸ਼ੀਸ਼ੇ ਵਿਚੋਂ
ਮੁੜ-ਮੁੜ ਤੱਕੀ ਜਾਵੇ

ਸੂਰਜ-ਆਸ਼ਕ ਪਿਆ ਢੋਲੇ ਦੀਆਂ ਗਾਵੇ
ਪਰ ਤੇਰੀ ਮੇਰੀ ਚੁੱਪ ਦਾ ਸਾਗਰ
ਬੜਾ ਅਜੀਬ ਹੈ....।

ਲੋਕੀਂ ਆਖਣ ਸਾਗਰ ਦੀ ਤਹਿ ਵਿਚ
ਕਹਿਰਾਂ ਦਾ ਵੇਗ ਹੈ
ਹਰ ਰੋਜ਼ ਜੁਆਲਾ-ਮੁਖੀ ਫਟਦਾ ਹੈ
ਇਸ ਦੀ ਛਾਤੀ ਵਿਚ,
ਵਿਧਵਾ ਵਾਂਗੂੰ ਉਪਰੋਂ-ਉਪਰੋਂ ਇਹ ਖਾਮੋਸ਼ ਹੈ।
ਪਰ ਤੇਰੀ ਮੇਰੀ ਚੁੱਪ ਦਾ ਸਾਗਰ
ਬੜਾ ਅਜੀਬ ਹੈ
ਨਾ ਤੂਫ਼ਾਨ ਹੈ ਨਾ ਸ਼ੋਰ ਹੈ
ਉਮਰਾਂ ਨੂੰ ਖਾਣਾ
ਇਹ ਕੇਹਾ ਦੌਰ ਹੈ।

ਕਦੇ! ਕਦੇ!

ਕਦੇ! ਕਦੇ!
ਚੌਰਸਤੇ ਤੇ ਬੈਠਾ
ਸੋਚਾਂ ਦਾ ਪਲੰਘ ਬਣਾਵਾਂ
ਨੈਣਾਂ ਦੇ ਵਿਚ ਸੋਗ ਹੈ ਤਰਦਾ
ਹੰਝੂਆਂ ਹਾਰ ਬਣਾਵਾਂ।

ਕਦੇ! ਕਦੇ!
ਤੇਰੇ ਸ਼ਹਿਰ ਦੇ ਬੰਨੇ ਗੀਤ ਹਿਜਰ ਦੇ ਗਾਵਾਂ
ਦਰਦ ਤੇਰੇ ਦਾ ਲਾਇਆ ਬੂਟਾ
ਲਹੂ ਜਿਗਰ ਨਾਲ ਸਿੰਜਦਾ ਜਾਵਾਂ।

ਕਦੇ! ਕਦੇ!
ਸ਼ਬਦਾਂ ਦੀ ਵਹਿੰਗੀ
ਦਿਲ ਆਪਣੇ ਦਾ ਹਾਲ ਚੜ੍ਹਾਵਾਂ
ਮਾਰੂਥਲ ਵਿਚ ਕੱਲੀ ਭਟਕੇ
ਕਿਸ ਨੂੰ ਰੂਹ ਦਾ ਹਾਲ ਸੁਣਾਵਾਂ।

ਕਦੇ! ਕਦੇ!
ਮੈਂ ਰਾਤ ਬਰਾਤੇ
ਟੁਰਦਾ ਜਾਵਾਂ ਟੁਰਦਾ ਜਾਵਾਂ
ਇਸ ਆਸ ਤੇ
ਸ਼ਾਇਦ ਹਨੇਰੇ ਦੇ ਜੰਗਲ ਵਿਚ
ਆਪਣੇ ਮਿਲ ਜਾਵਣ ਕੇਰਾਂ

ਕਦੇ! ਕਦੇ!
ਧਰਤੀ ਦੀ ਹਿੱਕ ਤੇ

ਨਾਂ ਤੇਰੇ ਨੂੰ ਖੋਦ ਖੋਦ ਕੇ
ਲਿਖਦਾ ਜਜਾਵਾਂ ਲਿਖਦਾ ਜਾਵਾਂ
ਪਿਆਰ ਤੇਰੇ ਦੇ ਚਿੱਤਰ ਨੂੰ
ਮੈਂ ਸ਼ੋਖ ਜਿਹਾ ਰੰਗ ਭਰਦਾ ਜਾਵਾਂ
ਕੀ ਪਤਾ ਹੈ ਇਸ ਧਰਤ ਤੇ
ਮੁੜ ਕੇ ਆਵਾਂ ਜਾਂ ਨਾ ਆਵਾਂ

ਸ਼ਬਦ ਦੇ ਸੰਗ

ਨੱਚੀਏ ਗਾਈਏ
ਸ਼ਬਦ ਦੇ ਸੰਗ
ਖੁਸ਼ੀ ਮਨਾਈਏ

ਸ਼ਬਦ ਦੇ ਬਿਨ
ਸ੍ਰਿਸ਼ਟੀ ਖਾਲੀ
ਸ਼ਬਦ ਦੇ ਬਿਨ
ਹਰ ਸ਼ੈਅ ਊਣੀ

ਸ਼ਬਦ ਹੀ ਨਾਨਕ
ਸ਼ਬਦ ਹੀ ਬੁੱਧ
ਸ਼ਬਦ ਹੀ ਮਸੀਹ
ਸ਼ਬਦ ਹੀ ਪੈਗਾਮ ਹੈ

ਸ਼ਬਦ ਹੀ ਆਦਿ
ਸ਼ਬਦ ਹੀ ਅੰਤ
ਸ਼ਬਦ ਹੀ ਜ਼ਰ੍ਹਾ ਜ਼ਰ੍ਹਾ
'ਚੋਂ ਬੋਲਦਾ ਅਨੰਤ ਹੈ

ਸ਼ਬਦ ਦਾ ਇਸ ਧਰਤ 'ਤੇ
ਮੌਲਦਾ ਚਮਨ ਹੈ
ਬਿਨ ਇਸ ਚਮਨ ਦੇ
ਸਭ ਵੈਰਾਨ ਹੈ।

ਸ਼ਬਦ ਦੇ ਡੂੰਘੇ ਸਾਗਰ ਨੂੰ
ਮੇਰੀ ਸਲਾਮ ਹੈ
ਸ਼ਬਦ ਦੇ ਤਾਰਿਆਂ ਨਾਲ ਭਰੇ ਅੰਬਰ ਨੂੰ
ਮੇਰੀ ਪ੍ਰਣਾਮ ਹੈ।

ਮਾਨਵ

ਸੁਪਨਿਆਂ ਦਾ ਭੰਡਾਰ ਪਿਆ ਹੈ
ਇੱਛਾਵਾਂ ਦਾ ਜੰਜਾਲ ਬੜਾ ਹੈ।
ਖਾਹਿਸ਼ਾਂ ਦੀ ਚੱਕੀ ਘੁੰਮਦੀ ਜਾਵੇ
ਲੋਭੀ ਮਨ ਨੂੰ ਚੈਨ ਨਾ ਆਵੇ

ਦਿਨ ਭਰ ਭਟਕੇ ਪੰਛੀ ਵਾਂਗੂੰ
ਉਡਦਾ ਰਹਿੰਦਾ ਉਡਦਾ ਰਹਿੰਦਾ
ਰਾਤੀਂ ਅਪੂਰਨ ਖਾਹਿਸ਼ਾਂ ਦੇ
ਸੁਪਨੇ ਵਿਹੰਦਾ

ਸੁਪਨਿਆਂ ਦੇ ਅੰਬਾਰ ਦੇ ਵਿਚੋਂ
ਇਕ ਕੋਈ ਸੁਪਨਾ ਸੱਚ ਹੋ ਜਾਵੇ
'ਮੈਂ' ਦਾ ਰਾਗ ਸ਼ੁਰੂ ਹੋ ਜਾਵੇ
ਫਿਰ ਇਹ ਰਾਗ ਮੁੱਕਣ ਵਿਚ ਨਾ ਆਵੇ

ਸੁਬ੍ਹਾ-ਸਵੇਰੇ ਦਿਨ ਤੇ ਰਾਤੀ
ਸ਼ੋਰ ਮਚਾਉਂਦਾ ਰਹਿੰਦਾ
ਮਾਨਵ ਨੂੰ ਇਸ ਕੀ ਹੈ ਬਖਸ਼ਣਾਂ
ਕੁਦਰਤ ਨੂੰ ਵੀ ਜਿਉਣ ਨਾ ਦਿੰਦਾ

ਮੈਂ ਹਾਂ, ਬੱਸ ਮੈਂ ਹੀ ਹਾਂ
ਦਾ ਲਾਟੂ ਘੁੰਮਦਾ ਰਹਿੰਦਾ
ਪਲ ਦੋ ਪਲ ਵੀ
ਕਦੇ ਨਾ ਬਹਿੰਦਾ

ਜਿੰਦ ਦਾ ਸੂਰਜ ਜਦ ਫਿਰ ਛਿਪਦਾ
ਇਛਾਵਾਂ ਦੀ ਬਾਲ ਕੇ ਧੂਣੀ
ਤਿਲ ਤਿਲ ਕਰਕੇ
ਮਰਦਾ ਜਾਂਦਾ

ਕੋਈ ਗੈਬੀ ਸ਼ਕਤੀ ਹੱਸ ਹੱਸ
ਦੂਹਰੀ ਤੀਹਰੀ ਹੋਵੇ
ਪਰ ਐ ਮਾਨਵ!
ਤੈਨੂੰ ਜ਼ਰਾ ਨਾ ਲੱਜਾ ਆਵੇ।

ਬਿਰਖ

ਤੇਰੇ ਮੇਰੇ ਜਜ਼ਬੇ ਸ਼ੁਕਣ
ਜਿਉਂ ਠੰਢੀਆਂ ਯਖ ਹਵਾਵਾਂ
ਤੂੰ ਤੇ ਮੈਂ ਅਡੋਲ ਖੜ੍ਹੇ
ਜਿਉਂ ਰੁੱਖਾਂ ਦੀ ਕਾਇਆ

ਤੂੰ ਬੱਦਲੀ ਬਣ ਭਟਕੀ ਜਾਵੇਂ
ਮੈਂ ਸਹਿਰਾਅ ਦਾ ਵਾਸੀ
ਬੂੰਦ ਬੂੰਦ ਲਈ ਤੜਫੀ ਜਾਵਾਂ
ਬਣ ਕੇ ਤੇਰਾ ਇਕ ਅਭਿਲਾਸ਼ੀ

ਤੂੰ ਅਗਨੀ ਬਣ ਸੜ ਸੜ ਜਾਵੇਂ
ਹੋ ਕੇ ਪਿਆਰ ਦੀਵਾਨੀ
ਮੈਂ ਭਾਂਡੇ ਵਿੱਚ ਉਬਲੀ ਜਾਵਾਂ
ਤੇਰੇ ਪਿਆਰ ਦਾ ਬਣ ਕੇ ਪਾਣੀ

ਤੂੰ ਧਰਤੀ ਮੈਂ ਸੂਰਜ
ਇਕ ਦੂਜੇ ਦੇ ਹਮਰਾਹੀ
ਕਦ ਤੱਕ ਆਪਾਂ ਇੰਝ ਤੜਫਨਾਂ
ਸਾਰੀ ਉਮਰ ਗੁਜ਼ਾਰੀ

ਮੁਢ ਕਦੀਮੋਂ ਆਪਾਂ ਸਰਾਪੇ
ਬਿਰਖ ਜੂਨ ਹੰਢਾਈ
ਅੰਬਰ ਨੇ ਵੀ ਸਿੱਜਦਾ ਕੀਤਾ
ਸੁਣ ਕੇ ਆਪਣੀ ਦਰਦ ਕਹਾਣੀ

ਹੁੰਗਾਰਾ ਕੌਣ ਭਰੇ

ਰਾਤਾਂ ਦੀ ਤਨਹਾਈ ਵਿਚ
ਹੰਝੂਆਂ ਦੀ ਗਰਮਾਈ ਵਿਚ
ਟੁੱਟੇ ਸੁਪਨੇ ਦੀ ਅੰਗੜਾਈ ਵਿਚ
ਥਰਥਰਾਉਂਦੇ ਬੁੱਲ੍ਹਾਂ ਦੀ ਅਣਕਹਾਈ ਵਿਚ
ਹੁੰਗਾਰਾ ਕੌਣ ਭਰੇ
ਹੁੰਗਾਰਾ ਕੌਣ ਭਰੇ
ਸੱਚ ਦਾ ਸਿਵਾ ਬਲਦਾ ਹੈ ਖੰਡਰਾਂ ਵਿਚ
ਚੁੱਪ ਨੇ ਲੋਕੀ ਇਹਨਾਂ ਅੰਬਰਾਂ ਵਿਚ
ਦੂਰ-ਦੂਰ ਗ਼ਮ ਅਤੇ ਖੌਫ ਹੈ ਇਸ ਨਗਰੀ ਵਿਚ
ਲੱਗੇ ਮੂੰਹ 'ਤੇ ਜਿੰਦਰੇ ਕੌਣ ਤੋੜੇ ਇਸ ਨਗਰੀ ਵਿਚ
ਇਸ ਸਰਾਪੇ ਮੌਸਮ ਵਿਚ
ਹੁੰਗਾਰਾ ਕੌਣ ਭਰੇ
ਹੁੰਗਾਰਾ ਕੌਣ ਭਰੇ
ਹਨੇਰੇ ਵਿਚ ਡੁੱਲ੍ਹੇ ਲਹੂ ਦੀ ਕਹਾਣੀ
ਸਾਂ ਸਾਂ ਕਰਦੀ ਇਸ ਰਾਤ ਦੀ ਕਹਾਣੀ
ਫੁੱਟ-ਫੁੱਟ ਰੋਏ ਚੰਦਰਮੇ ਦੀ ਕਹਾਣੀ
ਸਿਸਕੀਆਂ ਭਰਦੇ ਤਾਰਿਆਂ ਦੀ ਕਹਾਣੀ ਵਿਚ
ਹੁੰਗਾਰਾ ਕੌਣ ਭਰੇ
ਹੁੰਗਾਰਾ ਕੌਣ ਭਰੇ
ਸਿਰਾਂ ਤੇ ਲਾਸ਼ਾਂ ਚੁੱਕੀ ਜਾਂਦੇ ਲੋਕਾਂ ਦੀ ਕਹਾਣੀ
ਸਿਵਿਆਂ ਤੋਂ ਪਰਤਦੇ ਲੋਕਾਂ ਦੀ ਕਹਾਣੀ
ਜ਼ੁਲਮ ਦੀ ਦਲਦਲ ਵਿਚ ਧਸਦੇ ਜਾਂਦੇ ਲੋਕਾਂ ਦੀ ਕਹਾਣੀ
ਅੱਖੀਆਂ ਦੇ ਵਿਚ ਇਕ ਖ਼ਾਬ ਲਈ ਜਾਂਦੇ ਲੋਕਾਂ ਦੀ ਕਹਾਣੀ ਵਿਚ
ਹੁੰਗਾਰਾ ਕੌਣ ਭਰੇ
ਹੁੰਗਾਰਾ ਕੌਣ ਭਰੇ
ਕੌਣ ਸੀ ਜਿਸ ਬਾਬਰ ਨੂੰ ਸੀ ਵੰਗਾਰਿਆ

ਕੌਣ ਸੀ ਮਨੁੱਖਤਾ ਦੀ ਆਜ਼ਾਦੀ ਦਾ ਪੈਗੰਬਰ
ਜੋ ਚਾਂਦਨੀ ਚੌਕ ਦੇ ਵਿਚ ਸੀ ਕੂਕਿਆ
ਕੌਣ ਸੀ ਜਫ਼ਰਨਾਮੇ ਦਾ ਸਿਰਜਕ
ਜਿਸ ਸੱਚ ਦੀ ਤਲਵਾਰ ਨਾਲ ਜ਼ੁਲਮ ਨੂੰ ਸੀ ਲਲਕਾਰਿਆ
ਅੱਜ ਉਸ ਦੇ ਲੋਕਾਂ ਦੀ ਕਹਾਣੀ ਵਿਚ
ਹੁੰਗਾਰਾ ਕੌਣ ਭਰੇ
ਹੁੰਗਾਰਾ ਕੌਣ ਭਰੇ

ਮਾਂ ਅਤੇ ਪੁੱਤਰ

ਅੱਜ ਲੁੱਟੀ ਮਾਂ ਪੁੱਤਰਾਂ ਦੇ ਤਰਲੇ ਪਾਉਂਦੀ ਹੈ
ਬੱਗੇ ਵਾਲ ਪੁੱਤਰਾਂ ਨੂੰ ਦਰਸਾਉਂਦੀ ਏ
ਡੋਰੀ ਵੀ ਰੁਲਦੀ ਨਜ਼ਰੀਂ ਆਉਂਦੀ ਏ
ਸਲਵਾਰ ਤੇ ਝੱਗਾ ਫਟੇ ਪਏ ਨਜ਼ਰੀ ਆਉਦੇ ਨੇ
ਆਪਣਾ ਹੀ ਨੱਗ ਵੇਖ ਪੁੱਤਰਾਂ ਤੋਂ ਸ਼ਰਮਾਉਂਦੀ ਏ
ਸਿਰ ਤੇ ਚੁੰਨੀ ਵੀ ਕਿਧਰੇ ਨਜ਼ਰ ਨਹੀਂ ਆਉਂਦੀ ਏ
ਜਿਸਮ ਤੇ ਅੱਲੇ ਜ਼ਖ਼ਮ ਪਏ ਨਜ਼ਰੀ ਆਉਦੇ ਨੇ
ਉਹ ਵਰਲਾਪ ਕਰਦੀ ਨਜ਼ਰੀ ਆਉਂਦੀ ਏ

ਪੁੱਤਰ ਨੇ ਅਡੋਲ ਖੜ੍ਹੇ
ਪੁੱਤਰ ਨੇ ਖਾਮੋਸ਼ ਖੜ੍ਹੇ
ਪੁੱਤਰ ਨੇ ਗਮਗੀਨ ਖੜ੍ਹੇ
ਪੁੱਤਰ ਨੇ ਸ਼ਬਦਹੀਣ ਖੜ੍ਹੇ

ਸੋਚਾਂ ਦੀ ਚੰਗਿਆੜੀ 'ਚੋਂ
ਗ਼ਮ ਦੀ ਓੜਕ ਰਾਤਾਂ 'ਚੋਂ
ਹੰਝੂਆਂ ਦੀਆਂ ਗਹਿਰਾਈਆਂ 'ਚੋਂ
ਸ਼ਬਦਾਂ ਦੇ ਅਰਥਾਂ 'ਚੋਂ
ਜਵਾਲਾ ਦੀਆਂ ਲਾਟਾਂ 'ਚੋਂ

ਅੰਬਰ ਦੇ ਇਕ ਪਾਸੇ ਲਾਲੀ ਛਾਈ ਏ
ਗਰਜਦੇ ਬਦਲਾਂ ਦੀ ਗੜਗੜਾਹਟ ਏ
ਬਿਜਲੀ ਦੀ ਖੂਨੀ ਕੜਕੜਾਹਟ ਏ
ਗਿਰਝਾਂ ਦੀ ਅੰਬਰ ਤੇ ਚਿੜਚੜਾਹਟ ਏ
ਤੂਫਾਨ ਦੀ ਪੂਰੀ ਬਣਤਰ ਏ

ਪੁੱਤਰਾਂ ਦੇ ਹੱਥਾਂ 'ਚ ਗੰਨਾਂ ਨੇ
ਪੁੱਤਰਾਂ ਦੇ ਹੱਥਾਂ 'ਚ ਖੰਡੇ ਨੇ
ਪੁੱਤਰਾਂ ਦੇ ਹੱਥਾਂ 'ਚ ਸੰਗੀਨਾ ਨੇ
ਪੁੱਤਰਾਂ ਦੇ ਹੱਥਾਂ 'ਚ ਵਿਮਾਨ ਨੇ

ਮਾਂ ਦੀਆਂ ਸਧਰਾਂ ਸੀ
ਮਾਂ ਦੀਆਂ ਆਸਾਂ ਸੀ
ਮਾਂ ਦੀਆਂ ਉਮੰਗਾਂ ਸੀ
ਮਾਂ ਦੀਆਂ ਰੀਝਾਂ ਸੀ

ਮਾਂ ਹੈ ਅਡੋਲ ਖੜ੍ਹੀ
ਮਾਂ ਹੈ ਖਾਮੋਸ਼ ਖੜ੍ਹੀ
ਮਾਂ ਹੈ ਗਮਗੀਨ ਖੜ੍ਹੀ
ਮਾਂ ਹੈ ਸ਼ਬਦਹੀਣ ਖੜ੍ਹੀ

ਆਪਣਾ ਘਰ

ਕਦੇ ਮੇਰੀ ਦਿਆਨਤਦਾਰੀ ਤੇ ਨੇਕ ਸੁਭਾਅ ਦੇ ਸੋਹਲੇ ਗਾਏ
ਮੈਂ ਖੁਦ ਆਪ ਹੀ ਆਪਣੇ ਸੋਹਲੇ ਗਾਣ ਲੱਗਾ
ਆਪਣੀ ਵਫਾਦਾਰੀ ਤੇ ਬਹਾਦਰੀ ਦੇ ਸੋਹਲੇ
ਉਹ ਮੇਰੇ ਕੰਨ ਵਿਚ ਕੁਝ ਗੁਣਗੁਣਾ ਗਈ,
'ਆਪਣਾ ਘਰ'

ਇਕ ਦਿਨ ਸੁਭਾਵਕ ਇਕ ਫੁੱਲ ਲੈਣ ਦੀ ਖਾਹਿਸ਼ ਪ੍ਰਗਟ ਕੀਤੀ,
ਉਹਨਾਂ ਬੇਹੱਦ ਹੈਰਾਨੀ ਨਾਲ ਤੱਕਿਆ
ਤੇ ਮੁਸਕਰਾ ਪਏ।
ਤੇਰਾ ਕੰਮ ਹੈ ਇਸ ਫੁਲਵਾੜੀ ਨੂੰ ਸੋਹਣਾ ਬਣਾਉਣਾ।
ਇਸ ਦੀ ਗੋਡੀ ਕਰਨਾ ਤੇ ਇਹਨੂੰ ਸਿੰਜਣਾ।
ਇਹਨਾਂ ਫੁੱਲਾਂ ਤੇ ਹੱਕ ਸਿਰਫ ਅਸਾਡਾ ਹੈ।
ਅਸੀਂ ਤਾਂ ਮਾਲਕ ਏਸ ਫੁਲਵਾੜੀ ਦੇ।
ਉਹ ਮੇਰੇ ਕੰਨ ਵਿਚ ਕੁਝ ਗੁਣਗੁਣਾ ਗਈ,
'ਆਪਣਾ ਘਰ'

ਮੈਂ ਤੜਫ ਉਠਿਆ
ਬੜਾ ਰੋਸ ਕੀਤਾ।
ਉਹਨਾਂ ਮੇਰੀ ਦਸਤਾਰ ਨੂੰ ਹੱਥ ਪਾਇਆ
ਤੇ ਗੁਲਾਮੀ ਦਾ ਖਿਤਾਬ ਦੇ ਕੇ ਚਲੇ ਗਏ।
ਉਹ ਮੇਰੇ ਕੰਨ ਵਿਚ ਗੁਣਗੁਣਾ ਗਈ
'ਆਪਣਾ ਘਰ'

ਅੱਜ ਉਹ ਕਿਧਰੇ ਦੂਰ ਚਲੀ ਗਈ
ਜਿਗਰ ਦੇ ਟੋਟੇ ਵੀ ਦੂਰ ਚਲੇ ਗਏ
ਮੇਰਾ ਆਸ਼ਿਆਨਾ ਲੁੱਟ ਗਿਆ।

ਮੇਰੀ ਦਸਤਾਰ ਵੀ ਖੁਸ ਗਈ।
ਹੁਣ ਮੈਂ ਕਦੀ ਸਹਰਾ ਦੇ ਰੇਗਿਸਤਾਨ ਵਿਚ
ਕਦੀ ਟੁੰਡਰਾ ਦੇ ਮੈਦਾਨਾਂ ਵਿਚ
ਕਦੀ ਲੁਸੀ ਗਰੇ ਦੀ ਤਰ੍ਹਾਂ
ਸ਼ੁਕਦੀਆਂ ਤੂਫਾਨੀ ਹਵਾਵਾਂ ਵਿਚ
ਕਦੀ ਕਾਲੀਆਂ ਬੋਲੀਆਂ ਰਾਤਾਂ ਵਿਚ
ਚੀਕਦਾ ਹਾਂ, ਚਿਲਾਉਂਦਾ ਹਾਂ
'ਆਪਣਾ ਘਰ'

ਮੁਦਤਾਂ ਤੋਂ ਉਹਨਾਂ ਸੰਗ ਮੈਂ ਵਿਚਰਦਾ ਆਇਆ
ਇਕ ਸੋਹਣੇ ਘਰ ਵਿਚ।
ਜਿੱਥੇ ਮੈਂ ਪ੍ਰਫੁਲਤ ਹੁੰਦਾ ਰਿਹਾ,
ਇਕ ਸੁੰਨ ਮਸੁੰਨੀ ਰਾਤ
ਉਹ ਮੇਰੇ ਕੰਨ ਵਿਚ ਗੁਣਗੁਣਾ ਗਈ
'ਆਪਣਾ ਘਰ'
ਮੈਂ ਜੱਗ ਤੋਂ ਬੇਖਬਰ
ਫਿਰ ਮਸਤ ਰਿਹਾ।
ਮੋਹ ਵਿਚ ਉਸ ਘਰ ਦੀ ਫੁਲਵਾੜੀ ਨੂੰ,
ਆਪਣੇ ਨਿੱਘੇ ਰੱਤ ਨਾਲ ਸਿੰਜਦਾ ਰਿਹਾ।
ਮੇਰਾ ਅਤੁਟ ਮੋਹ ਵਧਦਾ ਹੀ ਗਿਆ।
ਕਿਉਂਕਿ ਮੈਂ ਉਸ ਫੁਲਵਾੜੀ ਦਾ ਸਯਾਦ ਸਾਂ।
ਉਹ ਮੇਰੇ ਕੰਨ ਵਿਚ ਕੁਝ ਗੁਣਗੁਣਾ ਗਈ,
'ਆਪਣਾ ਘਰ'

ਉਹਨਾਂ ਕਦੇ ਮੇਰੇ ਸੋਹਣੇ
ਮਾਲੀ ਦੇ ਰੂਪ ਵਿਚ ਸੋਹਲੇ ਗਾਏ।
ਕਦੇ ਮੇਰੀ ਬਹਾਦਰੀ ਦੇ ਸੋਹਲੇ ਗਾਏ,
ਕਦੇ ਮੇਰੇ ਸ਼ਾਨਦਾਰ ਵਿਰਸੇ ਦੇ ਸੋਹਲੇ ਗਾਏ।

ਗੀਤ

ਅੰਮੀਏ ਨੀ ਅੰਮੀਏ
ਮੇਰੇ ਗੀਤਾਂ ਦੀਏ ਹਾਨਣੇ
ਕਿੱਥੇ ਗਏ ਮੇਰੇ ਉਹ ਗੀਤ

ਇਕ ਮੇਰਾ ਗੀਤ
ਤੇਰੀ ਗਰਭ-ਜੂਨ ਨੀ ਗੁਆਚਿਆ
ਪੰਖੇਰੂਆਂ ਦਾ ਸੋਹਣਾ ਉਹ ਗੀਤ
ਕਿੱਥੇ ਮੇਰੇ ਬਾਬਲੇ ਦਾ ਗੀਤ
ਨੀ ਅੰਮੀਏ ਨੀ ਅੰਮੀਏ.....
ਇਕ ਮੇਰਾ ਗੀਤ ਨਦੀ ਨੀ ਕਿਨਾਰੇ ਨੀ ਗੁਆਚਿਆ
ਬਿਰਹੜਾ ਦਾ ਸੋਹਣਾ ਉਹ ਗੀਤ
ਅੱਧੀ ਰਾਤੀਂ ਮੋਇਆ ਨੀ ਮਲਾਹ ਮਾਏ
ਟੁੱਟਿਆ ਉਹ ਬੇੜੀ ਵਾਲਾ ਗੀਤਾ
ਅੰਮੀਏ ਨੀ ਅੰਮੀਏ.....
ਇਕ ਮੇਰਾ ਗੀਤਾ ਮੇਰੇ ਪਿੰਡ ਨੀ ਗੁਆਚਿਆ
ਜੋਗੀਆਂ ਦਾ ਸੋਹਣਾ ਉਹ ਗੀਤ
ਨਾਗਾਂ ਦਾ ਪਹਿਰਾ ਮਾਏ
ਲਿਆ ਦੇ ਮੈਨੂੰ ਮੇਰਾ ਉਹ ਗੀਤ
ਅੰਮੀਏ ਨੀ ਅੰਮੀਏ.....
ਇਕ ਮੇਰਾ ਗੀਤ ਪਰਦੇਸੀਂ ਨੀ ਗੁਆਚਿਆ
ਹਉਕਿਆਂ ਦਾ ਸੋਹਣਾ ਉਹ ਗੀਤ
ਵੀਕ-ਐਂਡਾਂ ਉਤੇ ਚੋਲਾ ਗਮਾਂ ਦਾ ਉਤਾਰਦਾ
ਪਾਉਂਦਾ ਖੁਸ਼ੀਆਂ ਦੇ ਚੋਲੇ ਵਾਲਾ ਗੀਤ
ਨੱਚਦਾ ਨਚਾਉਂਦਾ ਫਿਰਾਂ ਮਾਏ
ਲੱਭਦਾ ਫਿਰਾਂ ਮੈਂ ਆਪਣੇ ਉਹ ਗੀਤ
ਅੰਮੀਏ ਨੀ ਅੰਮੀਏ.....

ਮੈਂ ਨੀ ਮਾਏ ਕੱਲਾ ਮੇਰੀਏ
ਸੈਂਕੜੇ ਨੇ ਮੇਰੇ ਜਿਹੇ ਗੀਤ
ਗ਼ਮਾਂ ਦੀ ਚਾਦਰ ਓੜ ਕੇ
ਲੱਭਦੇ ਨੇ ਆਪਣੇ ਉਹ ਗੀਤ
ਅੰਮੀਏ ਨੀ ਅੰਮੀਏ ਮੇਰੇ ਗੀਤਾਂ ਦੇ ਹਾਨਣੇ
ਕਿੱਥੇ ਗਏ ਮੇਰੇ ਉਹ ਗੀਤ।

ਰਾਤ ਅਜੇ ਬਹੁਤ ਬਾਕੀ ਹੈ

ਕਲਪਨਾਂ ਸੰਗ
ਹਕੀਕਤਾਂ ਸੰਗ
ਚਲਣਾ ਹੈ ਅਜੇ
ਮੰਜ਼ਿਲ ਬੜੀ ਹੈ ਦੂਰ
ਚਲਣਾ ਹੈ ਅਜੇ
ਪੈਂਡਾ ਬੜਾ ਪਥਰੀਲਾ ਹੈ
ਵਿੰਗਾ ਟੇਢਾ ਉੱਚਾ ਨੀਵਾਂ ਹੈ
ਹਨੇਰੀ ਰਾਤ ਦਾ ਖੌਫ ਹੈ
ਤੂਫਾਨੀ ਮੌਸਮ ਸਿਰ ਤੇ ਹੈ
ਚਲਣਾ ਹੈ ਅਜੇ...

ਪੈਰ ਪੈਰ ਤੇ ਲੁਟੇਰੇ ਨੇ
ਕਹਿਣ ਨੂੰ ਤੇ ਨਾਲ ਯਾਰ ਬਥੇਰੇ ਨੇ
ਨਾਹਰੇ ਸੰਗ ਚਲਦੇ ਅਜੇ ਬਥੇਰੇ ਨੇ
ਕਸਮਾਂ ਦੇ ਦੌਰ ਅਜੇ ਬਥੇਰੇ ਨੇ
ਪਰ ਫਿਰ ਵੀ ਚਲਣਾ ਹੈ ਅਜੇ...

ਆਤਮਾ ਸੰਗ ਲੀਨ ਹੋ ਕੇ
ਮਨ ਦੀ ਇਕਾਗਰਤਾ ਦੇ ਸੰਗ ਹੋ ਕੇ
ਆਪਣੇ ਆਪ ਵਿਚ ਇਕ ਮਿਕ ਹੋ ਕੇ
ਉਸ ਨਿਸ਼ਾਨੇ ਲਈ ਕਾਇਮ ਹੋ ਕੇ
ਚਲਣਾ ਹੈ ਅਜੇ....

ਪਰਬਤ ਦੇ ਪਿੱਛੇ
ਇਸ ਹਨੇਰੀ ਰਾਤ ਤੋਂ ਬਾਅਦ
ਇਸ ਕੰਡਿਆਲੀ ਵਾਟ ਤੋਂ ਬਾਅਦ
ਇਸ ਤੂਫਾਨੀ ਮੌਸਮ ਤੋਂ ਬਾਅਦ
ਇਕ ਸੂਰਜ ਤੁਹਾਡਾ ਹੈ
ਜੋ ਸਿਰਫ ਤੁਹਾਡਾ ਹੈ
ਉਸ ਲਈ ਚਲਣਾ ਹੈ ਅਜੇ
ਰਾਤ ਅਜੇ ਬਹੁਤ ਬਾਕੀ ਹੈ
ਚਲਣਾ ਹੈ ਅਜੇ....

ਸ਼ਹੀਦ

ਵਫਾ ਕੋਈ ਪੁਗਾ ਗਿਆ ਹੈ ਲੋਕੋ
ਰੀਤ ਕੁਰਬਾਨੀ ਦੀ ਫਿਰ ਤੋਂ ਚਲਾ ਗਿਆ ਹੈ ਲੋਕੋ
ਵਧਾਈ ਦੇਵੋ ਵੇ ਉਸ ਮਾਂ ਨੂੰ
ਜਿਸਦੇ ਜਿਗਰ ਦਾ ਟੋਟਾ
ਕਰਜ਼ਾ ਕੌਮ ਦਾ ਲਾਹ ਗਿਆ ਹੈ ਲੋਕੋ

ਕੌਮਾਂ ਸਦਾ ਉਹ ਜਿਉਂਦੀਆਂ ਨੇ
ਵੈਰੀ ਲੱਖ ਕੋਸ਼ਿਸ਼ ਕਰੇ ਭਾਵੇਂ
ਝੰਡੇ ਸਦਾ ਹੀ ਕੌਮਾਂ ਦੇ ਝੁਲਦੇ ਰਹਿਣ

ਭਗਤ ਸਿੰਘ ਤੇ ਊਧਮ ਸਿੰਘ
ਕਰਤਵ ਆਪਣਾ ਨਿਭਾ ਗਏ ਲੋਕੋ
ਕੌਮ ਆਪਣੀ ਦਾ ਨਾਂ ਸੰਸਾਰ ਵਿਚ ਚਮਕਾ ਗਏ ਲੋਕੋ

ਨੀਂਹ ਕੌਮ ਦੀ ਵਿਚ ਰੱਤ ਸਿੱਜ ਕੇ ਵੇ
ਮਜ਼ਬੂਤ ਨੀਂਹ ਕੌਮ ਦੀ ਬਣਾ ਗਏ ਲੋਕੋ।

ਜੋਬਨ

ਜੋਬਨ ਜੋਬਨ ਕੇਹਾ ਜੋਬਨ
ਜੋਬਨ ਰੁੱਤੇ ਤੁਰ ਗਏ ਹਾਣੀ
ਜੋਬਨ ਨੇ ਅੱਗ ਲਾਈ
ਕੇਹੀ ਖੇਡ ਰਚਾਈ।

ਵਿਚ ਜਹਾਂ ਦੇ ਅੜਿਆ
ਜਿੰਦ ਮੇਰੀ ਕੁਮਲਾਈ,
ਚਾਰ ਚੁਫੇਰੇ ਨੇਰਾ ਅੜਿਆ
ਕਿਧਰੇ ਨਾਂ ਰੁਸ਼ਨਾਈ
ਜੋਬਨ ਜੋਬਨ ਕੇਹਾ ਜੋਬਨ-

ਪੱਤਣਾਂ ਉਤੇ ਖੜ੍ਹੀ ਉਡੀਕਾਂ,
ਤੂੰ ਕਿਧਰੇ ਨਾਂ ਦਿੱਸੇ।
ਲੋਕੀ ਆਖਣ ਹੋਈ ਬਾਵਲੀ,
ਵਿਚ ਗਮਾਂ ਦੇ ਯਾਰਾਂ।
ਜੋਬਨ ਜੋਬਨ ਕੇਹਾ ਜੋਬਨ-

ਸਹਰਾ ਦੇ ਵਿਚ ਭਟਕਾਂ ਅੜਿਆ,
ਕੋਈ ਨਾਂ ਦੂਰ ਦੁਰੇਡੇ।
ਮੇਰੇ ਗਮ ਦੇ ਸਾਥੀ ਅੜਿਆ,
ਭਖਦੇ ਰੇਤ ਦੇ ਟਿੱਬੇ।
ਜੋਬਨ ਜੋਬਨ ਕੇਹਾ ਜੋਬਨ-

ਨੈਣ ਮੇਰੇ 'ਚੋਂ ਹੰਝੂ ਮੁੱਕ ਗਏ,
ਕਿਥੋਂ ਹੋਰ ਲੈ ਆਵਾਂ।
ਅੱਖੀਆਂ ਹੋਈਆਂ ਪੱਥਰ ਅੜਿਆ,

ਕੇਹਾ ਦਰਦ ਹੰਢਾਵਾਂ।
ਜੋਬਨ ਜੋਬਨ ਕੇਹਾ ਜੋਬਨ-

ਇਸ ਜੱਗ ਦੇ ਅੰਦਰ ਅੜਿਆ,
ਬਿਨ-ਤੇਰੇ ਕੇਹੀ ਜੂਨ ਹੰਢਾਵਾਂ,।
ਮੀਰਾ ਬਾਈ ਤੋਂ ਲਈ ਮੈਂ ਭਟਕਣ,
ਏਸ ਧਰਤ ਦੇ ਕੁੱਖ ਵਿਚ।
ਮੈਂ ਇਹ ਜੂਨ ਹੰਢਾਵਾਂ,
ਜੋਬਨ ਜੋਬਨ ਕੇਹਾ ਜੋਬਨ....
ਜੋਬਨ ਨੇ ਅੱਗ ਲਾਈ,
ਜੋਬਨ ਰੁੱਤੇ ਤੁਰ ਗਏ ਹਾਣੀ
ਐਸੀ ਖੇਡ ਰਚਾਈ।

ਲਹੂ ਦੇ ਵਣਜਾਰੇ

ਲਹੂ ਪਿਆ ਡੁੱਲਦਾ ਜਾਵੇ
ਧਰਤੀ ਪੀ-ਪੀ ਥੱਕੀ ਜਾਵੇ
ਥੱਕੀ ਜਾਵੇ ਅੱਕੀ ਜਾਵੇ
ਲਹੂ-ਧਾਰਾ ਵਿਚ ਰੋਕ ਨਾ ਆਵੇ
ਵਗਦੀ ਜਾਵੇ ਵਗਦੀ ਜਾਵੇ
ਲਹੂ ਦੇ ਵਣਜਾਰੇ ਆਏ, ਲਹੂ ਦੇ ਵਣਜਾਰੇ।
ਬੁੱਕ-ਬੁੱਕ ਕਰਕੇ ਪੀਂਦੇ ਜਾਵਣ
ਬੀਤੇ ਦੀ ਇਹ ਪਿਆਸ ਬੁਝਾਵਣ
ਮਨ ਵਿਚ ਲੁੱਡੀਆਂ ਪਾਉਂਦੇ ਜਾਵਣ
ਪਰ ਇਹ ਅਜੇ ਵੀ ਤਿਰਹਾਏ
ਲਹੂ ਦੇ ਵਣਜਾਰੇ ਆਏ ਲਹੂ ਦੇ ਵਣਜਾਰੇ।
ਅਹਿਸੰਾ ਦੀਆਂ ਇਹ ਬਾਤਾਂ ਪਾਵਣ
ਚਿੱਟੇ-ਬਗਲੇ ਧਰਤ ਨਮਸਕਾਰਣ
ਆਪਣੇ ਜਾਇਆ ਨੂੰ ਇਹ ਖੁਦ ਖਾ ਜਾਵਣ
ਸਦੀਆਂ ਦੀ ਭੁੱਖ ਮਿਟਾਂਦੇ
ਲਹੂ ਦੇ ਵਣਜਾਰੇ ਆਏ ਲਹੂ ਦੇ ਵਣਜਾਰੇ
ਧਰਤੀ ਹਉਕੇ ਭਰ ਭਰ ਖੁਰਦੀ ਜਾਵੇ
ਸਾਹਾਂ ਦੀ ਤੰਦ ਟੁੱਟਦੀ ਜਾਵੇ
ਗ਼ਮ ਦੀ ਪੌਣ ਵਗੇਂਦੀ ਜਾਵੇ
ਅੰਬਰ ਨੂੰ ਤਰੇਲੀ ਆਵੇ
ਲਹੂ ਦੇ ਵਣਜਾਰੇ ਆਏ ਲਹੂ ਦੇ ਵਣਜਾਰੇ
ਰੋਕੋ! ਰੋਕੋ!
ਲਹੂ ਦੇ ਦਰਿਆ ਨੂੰ ਰੋਕੋ!
ਸਮੇਂ ਦੇ ਇਸ ਵਹਾਅ ਨੂੰ ਰੋਕੋ!
ਬਲਦੀ ਅੱਗ ਦੇ ਭਾਂਬੜ ਰੋਕੋ!
ਜ਼ਹਿਰੀ ਸੱਪ ਦੀ ਜ਼ਹਿਰ ਨੂੰ ਰੋਕੋ!
ਲਹੂ ਦੇ ਵਣਜਾਰੇ ਆਏ ਲਹੂ ਦੇ ਵਣਜਾਰੇ।

ਯਾਦ

ਯਾਦ ਤੇਰੀ ਦਾ ਪੰਛੀ ਉੱਡ ਕੇ,
ਮੇਰੇ ਦਿਲ ਦੇ ਵਿਹੜੇ ਆਇਆ
ਨਾਂ ਉਹਦੇ ਦਾ ਸਿਮਰਨ ਕਰਕੇ
ਅਸਾਂ ਲੱਖ-ਲੱਖ ਸ਼ੁਕਰ ਮਨਾਇਆ
ਪਲ ਵਿਚ ਹੀ ਓਝਲ ਹੋਇਆ
ਸਾਡਾ ਕੰਬਦਾ ਰਿਹਾ ਫਿਰ ਸਾਇਆ
ਯਾਦ ਤੇਰੀ ਦਾ ਪੰਛੀ ਉੱਡ ਕੇ
ਮੇਰੇ ਦਿਲ ਦੇ ਵਿਹੜੇ ਆਇਆ।

ਅੱਧੀ ਰਾਤੀਂ ਤਾਰਾ ਟੁੱਟਿਆ
ਸਾਡਾ ਤੱਕ ਕੇ ਚਿੱਤ ਘਬਰਾਇਆ
ਅੱਖੀਆਂ ਵਿਚੋਂ ਨੀਰ ਸੀ ਵਗਿਆ
ਜਿਉਂ ਮੈਂ ਕਬਰਾਂ ਦਾ ਹਮਸਾਇਆ
ਯਾਦ ਤੇਰੀ ਦਾ ਪੰਛੀ ਉੱਡ ਕੇ
ਮੇਰੇ ਦਿਲ ਦੇ ਵਿਹੜੇ ਆਇਆ।

ਲੋਕੀ ਭਾਵੇਂ ਸਾਵਣ ਆਖਣ
ਪਰ ਦਿਲ ਸਾਡਾ ਕੁਮਲਾਇਆ
ਆਸਾਂ ਦੀ ਦਹਿਲੀਜ਼ 'ਤੇ ਬੈਠੇ
ਮੁੜ ਅਜੇ ਨਾ ਫੇਰਾ ਪਾਇਆ
ਯਾਦ ਤੇਰੀ ਦਾ ਪੰਛੀ ਉੱਡ ਕੇ
ਮੇਰੇ ਦਿਲ ਦੇ ਵਿਹੜੇ ਆਇਆ।

ਮਨ ਮੰਦਰ ਵਿਚ ਬਹਿ ਕੇ
ਬੜੇ ਨੇ ਰਾਗ ਅਲਾਪੇ
ਆਖਰ ਥੱਕਿਆ ਟੁੱਟਿਆ ਦਿਲ ਲੈ ਕੇ

ਮੈਂ ਚੁੱਪ ਚੁਪੀਤੇ ਘਰ ਨੂੰ ਆਇਆ
ਯਾਦ ਤੇਰੀ ਦਾ ਪੰਛੀ ਉੱਡ ਕੇ
ਮੇਰੇ ਦਿਲ ਦੇ ਵਿਹੜੇ ਆਇਆ।

ਇਕ ਛਿੱਟ ਚਾਨਣ ਖਾਤਰ
ਅਸਾਂ ਨੇ ਸਾਰਾ ਬ੍ਰਹਿਮੰਡ ਵੀ ਗਾਹਿਆ
ਪਰ ਸਾਡਾ ਮੁਕੱਦਰ ਏਹੋ ਸੀ
ਰਿਹਾ ਫਿਰ ਵੀ ਦੀਵੇ ਥੱਲੇ ਅੰਧੇਰਾ
ਯਾਦ ਤੇਰੀ ਦਾ ਪੰਛੀ ਉੱਡ ਕੇ
ਮੇਰੇ ਦਿਲ ਦੇ ਵਿਹੜੇ ਆਇਆ।

ਧਰਤੀ

ਜੁਗਾਂ ਜੁਗੰਤਰ ਆਦਿ ਅਨੰਤ,
ਘੁੰਮਦੀ ਜਾਵਾਂ ਟੁਰਦੀ ਜਾਵਾਂ।
ਰਾਹਾਂ ਦੀ ਨਾ ਸਾਰ,
ਬਸ ਘੁੰਮਦੀ ਜਾਵਾਂ ਟੁਰਦੀ ਜਾਵਾਂ।
ਆਖਰ ਮੈਂ ਹਾਂ ਧਰਤੀ,
ਮੈਂ ਹਾਂ ਧਰਤੀ।
ਨਾ ਕੋਈ ਮੇਰਾ ਆਪਣਾ,
ਨਾ ਕੋਈ ਬੋਲੀ ਯਾਰ।
ਵਿਚ ਪੁਲਾੜ ਦੇ ਸਈਓ ਨੀ,
ਮੈਂ ਟੁਰਦੀ ਜਾਵਾਂ ਆਪਣੀ ਟੋਰ।
ਆਖਰ ਮੈਂ ਹਾਂ ਧਰਤੀ,
ਮੈਂ ਹਾਂ ਧਰਤੀ।
ਨਾ ਮੇਰੀ ਕੋਈ ਚਾਹਤ,
ਨਾ ਹੀ ਕੋਈ ਅਵਾਜ਼
ਮੇਰੇ ਵਿਚ ਵੀ ਲਟ-ਲਟ ਬਲਦੇ,
ਸ਼ਬਦਾਂ ਦੇ ਅੰਗਾਰ।
ਆਖਰ ਮੈਂ ਹਾਂ ਧਰਤੀ,
ਮੈਂ ਹਾਂ ਧਰਤੀ।
ਸਬਰ ਪਿਆਲਾ ਟੁੱਟ ਜਾਵੇ,
ਅੰਦਰੋਂ ਜੁਆਲਾ-ਮੁਖੀ ਫੁੱਟ ਆਵੇ।
ਸਮੇਂ ਦਾ ਪੈਰ ਬੇੜੀਆਂ 'ਚ ਉਲਝ ਜਾਵੇ,
ਛਿਨ ਵਿਚ ਹੀ ਫੇਰ ਕਿਆਮਤ ਆ ਜਾਵੇ।
ਪਰ ਨਹੀਂ....।
ਆਖਰ ਮੈਂ ਹਾਂ ਧਰਤੀ,
ਮੈਂ ਹਾਂ ਧਰਤੀ।
ਕਦੋਂ ਤਕ ਚਲਣਾ ਹੈ ਬਾਕੀ,

ਕਲਪੇ ਮੇਰੀ ਰੂਹ ਜਜ਼ਬਾਤੀ।
ਕਦ ਤਕ ਸੂਰਜ ਇਸ਼ਟ ਧਿਆਵਾਂ,
ਕੱਠਪੁਤਲੀ ਬਣ ਨੱਚੀ ਜਾਵਾਂ।
ਪੁੱਛੇ ਧਰਤੀ....।
ਆਖਰ ਮੈਂ ਹਾਂ ਧਰਤੀ,
ਮੈਂ ਹਾਂ ਧਰਤੀ।
ਮੇਰੀ ਕੁਖ ਵਿਚ ਜੀਵਨ ਪਲਦਾ
ਅੱਜ ਤੋਂ ਕੱਲ੍ਹ ਦਾ ਦੀਪ ਹੈ ਬਲਦਾ।
ਮੈਂ ਸ੍ਰਿਸ਼ਟੀ ਦੀ ਰਚਣਹਾਰੀ,
ਸਮਝਣ ਮੈਨੂੰ ਅਬਲਾ ਨਾਰੀ।
ਆਖਰ ਮੈਂ ਹਾਂ ਧਰਤੀ,
ਮੈਂ ਹਾਂ ਧਰਤੀ।

ਜਿੰਦੇ ਮੇਰੀਏ

ਔਹ! ਪ੍ਰਭਾਤ ਦਾ ਮੂੰਹ ਚੁੰਮ ਕੇ
ਪਰਤ ਵੀ ਆਇਆ
ਕੇਹਾ ਨਸ਼ਾ ਚੜ੍ਹਿਆ ਹੈ ਅੱਜ
ਮੈਂ ਕੱਦ ਦਾ ਰਿਹਾ ਸੀ ਉਡੀਕ ਨੀ
ਜਿੰਦੇ ਮੇਰੀਏ!

ਪੂਰਬ ਦੇ ਦਿਸਹਦੇ ਤੇ
ਕਿਰਨਾਂ ਦੀ ਭੀੜ ਜੁੜੀ
ਪੰਛੀ ਚਹਿਕੇ ਕੋਇਲ ਕੂਕੇ
ਮੈਂ ਰੱਬੀ-ਲੀਲਾ ਤੋਂ ਬਲਿਹਾਰ
ਗਿਆ ਨੀ
ਜਿੰਦੇ ਮੇਰੀਏ!

ਦਿਲ ਦੀ ਸਾਵੀ ਧਰਤੀ ਤੇ
ਸੱਧਰਾਂ ਦੇ ਬੀਜ ਬੀਜੇ
ਸੁਪਨ-ਖੇਤੀ ਲਹਿਰਾਈ
ਕੋਈ ਵਾਵਰੋਲਾ ਸਭ ਕੁਝ ਉਡਾ ਲੈ ਗਿਆ ਨੀ
ਜਿੰਦੇ ਮੇਰੀਏ।

ਪੱਛਮ ਦੇ ਲਹਿੰਦੇ ਪੱਤਣਾਂ ਤੇ
ਬਲਦੇ ਰੰਗਾਂ ਦਾ ਸ਼ੋਖ ਨਜ਼ਾਰਾ ਏ
ਇਉਂ ਜਾਪੇ ਸੂਰਜ ਦੀ ਚਿਖਾ ਕਿਸੇ ਧੁਖਾਈ
ਪੱਥਰ ਬਣ ਖਲਾਅ ਵਿਚ ਮੈਂ ਤੱਕਦਾ ਰਿਹਾ ਨੀ
ਜਿੰਦੇ ਮੇਰੀਏ!

ਹੁਣ ਇਸ ਧਰਤੀ ਤੇ
ਰਾਤ ਹੈ ਉੱਤਰੀ
ਜੀਵਨ ਸੋਇਆ ਕੋਈ ਹੈ ਮੋਇਆ
ਚੱਕਾ ਸਮੇਂ ਦਾ ਘੁੰਮਦਾ ਰਿਹਾ
ਜੋ ਸੱਚ ਮੇਰੀ ਨੂੰ ਜਿੰਦਰਾ ਮਾਰ ਗਿਆ ਨੀ
ਜਿੰਦੇ ਮੇਰੀਏ!

ਬੋਲ

ਇਕ ਬੋਲ ਅਸਾਡੀ ਝੋਲੀ ਪਾ ਸੱਜਣਾ,
ਸਾਡੇ ਸੁੱਤੇ ਭਾਗ ਜਗਾ ਸੱਜਣਾ

ਬਿਨ-ਬੋਲੇ ਇਹ ਰਾਤ ਸਿਆਹੀ,
ਜਿੰਦ ਦੇ ਵਿਹੜੇ ਬੈਠੀ ਆ ਸੱਜਣਾ।
ਸੌਂ-ਸੌਂ ਪੀਰ ਧਿਆਵਾਂ,
ਕੱਢੇਂ ਇਹਨੂੰ ਬਾਹਰ ਵੇ ਸੱਜਣਾ।
ਇਕ ਬੋਲ ਅਸਾਡੀ ਝੋਲੀ ਪਾ ਸੱਜਣਾ,
ਸਾਡੇ ਸੁੱਤੇ ਭਾਗ ਜਗਾ ਸੱਜਣਾ।

ਸਾਡਾ ਚੇਤਰ ਰੁੱਖਾ-ਸੁੱਖਾ,
ਕੋਈ ਬੋਲ ਇਲਾਹੀ ਕਹਿ ਸੱਜਣਾ।
ਸਾਡੇ ਨੈਣੀਂ ਗ਼ਮ ਦੇ ਖੂਹ ਪਏ ਗਿੜਦੇ,
ਤੂੰ ਸੌਣ ਮਹੀਨੇ ਰੁਣ-ਝੁਣ ਲਾ ਸੱਜਣਾ।
ਇਕ ਬੋਲ ਅਸਾਡੀ ਝੋਲੀ ਪਾ ਸੱਜਣਾ,
ਸਾਡੇ ਸੁੱਤੇ ਭਾਗ ਜਗਾ ਸੱਜਣਾ।

ਸਾਡੇ ਮੁੱਖ ਦੇ ਸੂਰਜ ਠੰਢੇ ਸੀਤ ਨੇ ਹੋਏ,
ਕਿਰਨਾਂ ਦੀ ਸੌਗਾਤ ਭੇਜ ਵੇ ਸੱਜਣਾ।
ਸੂਰਜ ਬਿਨ ਕਿੰਵ ਧਰਤੀ ਜੀਵੇ,
ਮੇਰੀ ਤੱਤੜੀ ਦੀ ਫਰਿਆਦ ਵੇ ਸੱਜਣਾ।
ਇਕ ਬੋਲ ਅਸਾਡੀ ਝੋਲੀ ਪਾ ਸੱਜਣਾ,
ਸਾਡੇ ਸੁੱਤੇ ਭਾਗ ਜਗਾ ਸੱਜਣਾ।

ਸਾਡੇ ਸਾਹਾਂ ਦਾ ਇਤਬਾਰ ਨਾ ਕੋਈ,
ਬਣ ਕੇ ਆ ਮਸੀਹਾ ਹੁਣ ਤੂੰ ਵੇ ਸੱਜਣਾ।

ਫਿਰ ਨਾ ਦਈਂ ਉਲਾਂਭੜੇ,
ਅਸੀਂ ਜੱਗ ਤੋਂ ਟੁਰ ਗਏ ਖਾਮੋਸ਼ ਵੇ ਸੱਜਣਾ।
ਇਕ ਬੋਲ ਅਸਾਡੀ ਝੋਲੀ ਪਾ ਸੱਜਣਾ,
ਸਾਡੇ ਸੁੱਤੇ ਭਾਗ ਜਗਾ ਸੱਜਣਾ।

ਤੇਰੇ ਦਰ ਤੇ ਮੈਂ ਨਿਕਰਮਣ,
ਅੱਡਾਂ ਇਕ ਬੋਲ ਦੀ ਝੋਲ ਵੇ ਸੱਜਣਾ।
ਯੁੱਗਾਂ-ਜੁਗਾਂਤਰ ਭਟਕੂ ਮੇਰੀ ਰੂਹ,
ਜੇ ਨਾ ਪਈ ਖੈਰਾਤ ਵੇ ਸੱਜਣਾ।
ਇਕ ਬੋਲ ਅਸਾਡੀ ਝੋਲੀ ਪਾ ਸੱਜਣਾ,
ਸਾਡੇ ਸੁੱਤੇ ਭਾਗ ਜਗਾ ਸੱਜਣਾ।

ਜਿਉਂਦਾ ਮਨੁੱਖ

ਕਾਰਵਾਂ ਓਵੇਂ ਹੀ ਚਲਦਾ ਰਿਹਾ,
ਆਪਣੀ ਮੰਜ਼ਿਲ ਵੱਲ ਵਧਦਾ ਹੀ ਗਿਆ।
ਸਮੇਂ ਦੀ ਪੌੜੀ ਤੇ ਪੈਰ ਧਰ ਨਿਸ਼ੰਗ ਤੁਰਦਾ ਹੀ ਰਿਹਾ,
ਦ੍ਰਿੜ੍ਹਤਾ ਦਾ ਦੀਪਕ ਬਲਦਾ ਹੀ ਰਿਹਾ
ਪਰ ਮੈਂ ਅਡੋਲ-ਸਥਿਤ ਰਿਹਾ,
ਇਸ ਦੁਬਿਧਾ ਵਿਚ,
ਕਿ ਮੈਂ ਜਿਉਂਦਾ ਮਨੁੱਖ ਵੀ ਹਾਂ ਜਾਂ ਨਹੀਂ?

ਸੂਰਜ ਦਾ ਪਰਛਾਵਾਂ ਅਬੁੱਝ ਹੀ ਰਿਹਾ,
ਚੰਦਰਮਾਂ ਵੱਲ ਨੀਝ ਲਾਈ ਤੱਕਦਾ ਹੀ ਰਿਹਾ।
ਪ੍ਰਿਥਵੀ ਤੋਂ ਉਸ ਦੇ ਸਾਏ ਬਾਰੇ ਪੁੱਛਦਾ ਹੀ ਰਿਹਾ,
ਆਪਣੇ ਹੀ ਸਾਏ ਨੂੰ ਮਾਮੂਲੀ ਹਰਕਤ ਵਿਚ ਵੇਖਦਾ ਹੀ ਰਿਹਾ,
ਪਰ ਮੈਂ ਅਡੋਲ-ਸਥਿਰ ਰਿਹਾ।
ਇਸ ਦੁਬਿਧਾ ਵਿਚ
ਕਿ ਮੈਂ ਜਿਉਂਦਾ ਮਨੁੱਖ ਵੀ ਹਾਂ ਜਾਂ ਨਹੀਂ।

ਦਿਨ ਅਤੇ ਰਾਤ ਮੈਥੋਂ ਕੁਝ ਪੁੱਛਦੇ ਰਹੇ,
ਗਰਮ ਹਵਾਵਾਂ ਮੈਨੂੰ ਸਾੜਦੀਆਂ ਹੀ ਰਹੀਆਂ,
ਖੰਡਰ ਹੀ ਚੁੱਪ ਕੁਝ ਸੰਕੇਤ ਦੇਂਦੀ ਹੀ ਰਹੀ,
ਪ੍ਰਸ਼ਨ ਦੇ ਉਤਰ ਲਈ ਮੈਂ ਸੋਚਦਾ ਹੀ ਰਿਹਾ।
ਇਸ ਦੁਬਿਧਾ ਵਿਚ
ਕਿ ਮੈਂ ਜਿਉਂਦਾ ਮਨੁੱਖ ਵੀ ਹਾਂ ਜਾਂ ਨਹੀਂ।

ਮੇਰੇ ਕਮਰੇ ਦੀਆਂ ਦੀਵਾਰਾਂ ਹਉਕੇ ਲੈਂਦੀਆਂ ਹੀ ਰਹੀਆਂ,
ਮੇਰੀਆਂ ਪੁਸਤਕਾਂ ਮੇਰੇ ਗ਼ਮਾਂ ਦੀ ਟਕੋਰ ਕਰਦੀਆਂ ਹੀ ਰਹੀਆਂ,
ਆਪਣੀ ਵਫ਼ਾ ਦੀ ਜ਼ਿਦ ਦਾ ਤਰਲਾ ਕਰਦੀਆਂ ਹੀ ਰਹੀਆਂ,

ਮੈਂ ਕੁਝ ਉਚਰਨ ਤੋਂ ਅਸਮਰਥ ਹੀ ਰਿਹਾ।
ਇਸ ਦੁਬਿਧਾ ਵਿਚ,
ਕਿ ਮੈਂ ਜਿਉਂਦਾ ਮਨੁੱਖ ਵੀ ਹਾਂ ਜਾਂ ਨਹੀਂ।

ਇਸ ਖਲਾਅ ਵਿਚ ਮੈਂ ਭਟਕਦਾ ਹੀ ਰਿਹਾ,
ਇਸ ਦੀ ਖੋਜ ਵਿਚ ਰੋਜ਼ ਮਰਦਾ ਹੀ ਰਿਹਾ।
ਡੁੱਬਦੇ ਸੂਰਜ ਨੂੰ ਸੁਨੇਹੇ ਦੇਂਦਾ ਹੀ ਰਿਹਾ,
ਚੜ੍ਹਦੇ ਸੂਰਜ ਤੇ ਸ਼ਿਕਵੇ ਕਰਦਾ ਹੀ ਰਿਹਾ,
ਪਰ ਮੈਂ ਅਡੋਲ ਸਥਿਰ ਰਿਹਾ,
ਇਸ ਦੁਬਿਧਾ ਵਿਚ,
ਕਿ ਮੈਂ ਜਿਉਂਦਾ ਮਨੁੱਖ ਵੀ ਹਾਂ ਜਾਂ ਨਹੀਂ।

ਮੇਰੇ ਤੇ ਤੁਹਾਡੇ ਵਿਚ
ਫਰਕ ਕੁਝ ਵੀ ਨਹੀਂ।
ਬਿਲਕੁਲ ਤੁਹਾਡੀ ਤਰ੍ਹਾਂ ਹੀ ਇਨਸਾਨ ਹਾਂ।
ਤੁਹਾਡੇ ਤੋਂ ਵੀ ਨਿੱਗਰ ਗੱਲਾਂ ਕਰਦਾ ਹਾਂ।
ਤੁਹਾਡੇ ਤੋਂ ਵੀ ਸੋਹਣੀ
ਦਸਤਾਰ ਵੀ ਮੈਂ ਬੰਨ੍ਹਦਾ ਹਾਂ।

ਕਦੀ ਕਦੀ ਮੈਂ ਮਹਿਸੂਸ ਕਰਦਾ ਹਾਂ।
ਜੋ ਤੁਹਾਡੇ ਦਿਲ ਵਿਚ ਹੈ,
ਉਹ ਬਾਹਰ ਹੈ।
ਜੋ ਮੇਰੇ ਦਿਲ ਵਿਚ ਹੈ,
ਉਹ ਬਾਹਰ ਨਹੀਂ।
ਜੋ ਮੇਰੇ ਦਿਲ ਵਿਚ ਹੈ।

ਜੋ ਬਾਹਰ ਹੈ
ਉਹ ਮੇਰੇ ਦਿਲ ਵਿਚ ਕੱਤਈ ਨਹੀਂ।

ਅਕਸਰ ਮੈਂ ਗੁਰੂ ਘਰਾਂ ਵਿਚ
ਮੌਜੂਦ ਰਹਿੰਦਾ ਹਾਂ।
ਜਿੱਥੋਂ ਤੱਕ ਹੋ ਸਕੇ,
ਚੌਧਰ ਦੀ ਪੂਰੀ ਕੋਸ਼ਿਸ਼ ਕਰਦਾ ਹਾਂ।
ਪਰ ਇਹ ਨਵੇਂ ਜੰਮੇ
ਸਿੰਘ ਪਗੜੀਆਂ ਵਾਲਿਆਂ ਤੋਂ ਡਰਦਾ ਹਾਂ।
ਇਹਨਾਂ ਦੀਆਂ ਅੱਖਾਂ ਦੀ ਲਾਲੀ ਦੇਖ
ਮੈਂ ਸਹਿਮ ਜਾਂਦਾ ਹਾਂ।
ਤੇ ਫੇਰ ਮਿੱਠੀਆਂ ਮਿੱਠੀਆਂ ਗੱਲਾਂ ਕਰਕੇ,
ਪਰਚਾਉਣ ਦੀ ਕੋਸ਼ਿਸ਼ ਕਰਦਾ ਹਾਂ।

ਮੈਂ ਜ਼ਮੀਰ ਦਾ ਗੁਲਾਮ ਨਹੀਂ,
ਕਿਉਂਕਿ ਜ਼ਮੀਰ ਮੇਰੇ ਵਿਚ ਹੈ ਹੀ ਨਹੀਂ।
ਪਰ ਮੈਂ ਆਪਣੇ ਹਿਤਾਂ ਦਾ ਗੁਲਾਮ ਹਾਂ,
ਮੈਂ ਆਪਣੀ ਫੋਕੀ ਚੌਧਰ ਦਾ ਗੁਲਾਮ ਹਾਂ।

ਹਰ ਸਮੇਂ ਮੈਂ ਗਿਰਗਟ ਵਾਂਗ ਬਦਲਦਾ ਹਾਂ,
ਮੈਂ ਤੁਹਾਡੇ ਸਿਰਾਂ ਤੇ ਬਹੁਤ ਕੁਝ ਬਣਾਇਆ ਹੈ।
ਅੰਗਰੇਜ਼ਾਂ ਦੇ ਸਮੇਂ ਖੂਹ ਨਹਾਇਆ,
ਇਸ ਵਕਤ ਵਿਚ ਵੀ ਖੂਬ ਨਹਾ ਰਿਹਾ ਹਾਂ।
ਸ਼ੋਹਰਤ ਅਤੇ ਪੈਸੇ ਦੀ
ਕੋਈ ਕਮੀ ਨਹੀਂ ਰਹੀ ਹੈ ਮੇਰੇ ਪਾਸ।
ਕਦੀ-ਕਦੀ ਮੈਂ ਆਪਣੇ ਆਪ ਨੂੰ ਪੁੱਛਦਾ ਹਾਂ
ਮੈਂ ਕੌਣ ਹਾਂ?
ਉਸ ਵਕਤ ਮੈਂ ਮਰ ਜਾਂਦਾ ਹਾਂ,
ਸੌਂ ਜਾਂਦਾ ਹਾਂ।

ਗੀਤ

ਜੇਠ ਦੀਆਂ ਧੁੱਪਾਂ ਵਾਂਗ ਕਿਉਂ ਸੜੀ ਜਾਨਾ ਏਂ,
ਸਾਉਣ ਦੀ ਘਟਾ ਵਾਂਗ ਬਰਸ ਕੇ ਵਿਖਾ ਤਾਂ ਸਹੀ,
ਕੁਝ ਦੱਸ ਤਾਂ ਸਹੀ ਕੁਝ ਬੋਲ ਤਾਂ ਸਹੀ।

ਕਿਉਂ ਜਿੰਦਰਾ ਤੂੰ ਬੁੱਲ੍ਹਾਂ ਨੂੰ ਲਾਈ ਬੈਠਾ ਏਂ,
ਕਦੇ ਇਹਨੂੰ ਬੱਲਿਆ ਖੋਲ੍ਹ ਤਾਂ ਸਹੀ,
ਕੁਝ ਦੱਸ ਤਾਂ ਸਹੀ, ਕੁਝ ਬੋਲ ਤਾਂ ਸਹੀ।

ਕਵਿਤਾ ਤੇ ਕਵਿਤਾ ਲਿਖੀ ਜਾਂਦਾ ਏਂ,
ਕਦੇ ਇਹਨੂੰ ਭੈੜਿਆ ਸੁਣਾ ਤਾਂ ਸਹੀ,
ਕੁਝ ਦੱਸ ਤਾਂ ਸਹੀ, ਕੁਝ ਬੋਲ ਤਾਂ ਸਹੀ।

ਕਿਉਂ ਗ਼ਮ ਨੂੰ ਵਸਾਇਆ ਏ,
ਕਦੇ ਮੱਥੇ ਉੱਤੇ ਸੂਰਜ ਉਗਾ ਤਾਂ ਸਹੀ,
ਕੁਝ ਦੱਸ ਤਾਂ ਸਹੀ, ਕੁਝ ਬੋਲ ਤਾਂ ਸਹੀ।

ਰਾਤਾਂ ਦੇ ਹਨ੍ਹੇਰਿਆਂ 'ਚ ਭਟਕੀ ਜਾਨਾ ਏਂ,
ਕਦੀ ਸੱਜਰੀ ਸਵੇਰ ਦਾ ਦੀਦਾਰ ਕਰ ਤਾਂ ਸਹੀ,
ਕੁਝ ਦੱਸ ਤਾਂ ਸਹੀ, ਕੁਝ ਬੋਲ ਤਾਂ ਸਹੀ।

ਐਵੇਂ ਕਾਹਨੂੰ ਸੋਚਾਂ ਦੀ ਪਟਾਰੀ ਦੱਬੀ ਬੈਠਾ ਏਂ,
ਇਹਨੂੰ ਜ਼ਰਾ ਖੋਲ੍ਹ ਕੇ ਵਿਖਾ ਤਾਂ ਸਹੀ,
ਕੁਝ ਦੱਸ ਤਾਂ ਸਹੀ, ਕੁਝ ਬੋਲ ਤਾਂ ਸਹੀ।

ਕਿਉਂ ਹੰਝੂਆਂ ਦੀ ਝੜੀ ਲਾਈ ਬੈਠਾ ਏਂ,
ਓਏ ਮੱਖਣਾ ਕਦੇ ਹੱਸ ਕੇ ਵਿਖਾ ਤਾਂ ਸਹੀ,
ਕੁਝ ਦੱਸ ਤਾਂ ਸਹੀ, ਕੁਝ ਬੋਲ ਤਾਂ ਸਹੀ।

ਸ਼ਹਿਰ

ਚਿੰਨ੍ਹ ਹੈ ਸੀ ਜੋ ਗੈਰਤ ਦਾ
ਚਿੰਨ੍ਹ ਹੈ ਸੀ ਜੋ ਪੰਜਾਂ ਪਾਣੀਆਂ ਦਾ
ਚਿੰਨ੍ਹ ਹੈ ਸੀ ਜੋ ਇਕ ਇਤਿਹਾਸ ਦਾ,
ਚਿੰਨ੍ਹ ਹੈ ਸੀ ਜੋ ਵਸਦੇ ਪੰਜਾਬ ਦਾ,
ਅੱਜ ਉਹ ਸ਼ਹਿਰ ਉਦਾਸ ਹੈ।

ਅਕਸਰ ਮੈਂ ਜਜ਼ਬਿਆਂ ਸੰਗ,
ਅਕਸਰ ਮੈਂ ਸ਼ਰਧਾ ਸੰਗ,
ਅਕਸਰ ਮੈਂ ਸਵੈਮਾਣ ਸੰਗ,
ਵਿਚਰਦਾ ਸਾਂ ਉਸ ਭਾਗਾਂਭਰੀ ਧਰਤੀ ਤੇ,
ਅਜੇ ਕਲ ਦੀ ਗੱਲ ਹੈ,
ਅੱਜ ਉਹ ਸ਼ਹਿਰ ਉਦਾਸ ਹੈ।

ਹਰ ਚਿਹਰੇ ਤੇ ਇਕ ਜਿੰਦਰਾ,
ਹਰ ਚਿਹਰੇ ਤੇ ਇਕ ਖਾਮੋਸ਼ੀ,
ਹਰ ਚਿਹਰਾ ਹੀ ਗਮਗੀਨ
ਹਰ ਚਿਹਰਾ ਵਰਤਮਾਨ ਦੀ ਤਸਵੀਰ,
ਅੱਜ ਉਹ ਸ਼ਹਿਰ ਉਦਾਸ ਹੈ।

ਬੇਸ਼ਕ ਮੈਂ ਇਤਿਹਾਸ ਤੋਂ ਬਲ ਲੈਂਦਾ ਹਾਂ,
ਬੇਸ਼ਕ ਮੈਂ ਸ਼ਬਦਾਂ ਦੇ ਅਰਥਾਂ ਨੂੰ ਚੀਰਦਾ ਰਹਿੰਦਾ ਹਾਂ
ਪਰ ਫਿਰ ਵੀ ਅਚਨਚੇਤ ਇਕ ਅੰਦਰੋਂ ਆਹ ਉੱਠੀ
''ਯਾਰੋ ਕੀ ਹੋ ਗਿਆ ਹੈ ਭਲਾ ਅੰਮ੍ਰਿਤਸਰ ਸ਼ਹਿਰ ਨੂੰ''
ਅੱਜ ਉਹ ਸ਼ਹਿਰ ਉਦਾਸ ਹੈ

ਕਿਉਂ ਕਿ ਅੱਜ ਉਹ ਸ਼ਹਿਰ ਉਦਾਸ ਹੈ।
ਅੱਜ ਉਹ ਸ਼ਹਿਰ ਉਦਾਸ ਹੈ।

ਮੁਹੱਬਤ ਦਾ ਕਤਲ

ਅਕਾਸ਼ ਵਿਚ ਤਾਰੇ ਗੁੰਮ ਕਿਉਂ ਨੇ
ਚੰਨ ਬੱਦਲਾਂ ਵਿਚ ਦਫ਼ਨ ਕਿਉਂ ਹੈ
ਉਜ਼ੋਨ ਦੀ ਪਰਤ ਵਿਚ ਮੋਘੇ ਕਿਉਂ ਨੇ
ਸਾਰਾ ਮਾਹੌਲ ਖਾਮੋਸ਼ ਕਿਉਂ ਹੈ?

ਬਾਗੀਂ ਕੋਇਲ ਦੀ ਕੂ-ਕੂ ਚੁੱਪ ਕਿਉਂ ਹੋ ਗਈ
ਪੰਛੀਆਂ ਦੀ ਚਹਿਚਹਾਟ ਬੰਦ ਕਿਉਂ ਹੋ ਗਈ
ਭੰਵਰੇ ਫੁੱਲਾਂ ਤੋਂ ਰੁੱਸ ਕੇ ਕਿੱਥੇ ਚਲੇ ਗਏ
ਤਿੱਤਲੀਆਂ ਦੇ ਖੰਭ ਕਿਸ ਨੇ ਕੱਟੇ ਨੇ
ਆਖਰ ਇਹ ਮੌਸਮ ਬਿਮਾਰ ਕਿਉਂ ਹੈ?

ਸੜਕਾਂ ਸੁੰਨਸਾਨ ਕਿਉਂ ਨੇ
ਲੋਕਾਂ ਦੀ ਆਵਾਜਾਈ ਠੱਪ ਕਿਉਂ ਹੈ
ਸਫੈਦ ਕੱਪੜਿਆਂ ਵਿਚ ਇਹ ਕਾਫਲਾ
ਕੀਰਨੇ ਪਾਉਂਦਾ ਕਿਉਂ ਜਾ ਰਿਹਾ ਹੈ
ਅਖ਼ਬਾਰ ਦੀ ਸੁਰਖੀ ਖੂਨ ਨਾਲ ਲੱਥ-ਪੱਥ ਕਿਉਂ ਹੈ
ਪਾਠਕਾਂ ਦੇ ਹੱਥ ਪੜ੍ਹਦੇ-ਪੜ੍ਹਦੇ ਕਿਉਂ ਕੰਬ ਰਹੇ ਨੇ
ਇਹ ਘੋਰ ਉਦਾਸੀ ਦਾ ਆਲਮ ਕਿਉਂ ਹੈ?
ਮਹਾਂਨਗਰ ਦੇ ਉਦਾਸ ਵੱਡੇ ਚੌਂਕ ਵਿਚ
ਵੱਡੀਆਂ ਟੁੱਕੀਆਂ ਦੋ ਲਾਸ਼ਾਂ ਪਈਆਂ ਹਨ
ਕੜਕੜਾਉਂਦੀ ਅਸਮਾਨੀ ਬਿਜਲੀ ਦੀ ਰੌਸ਼ਨੀ
ਲਾਸ਼ਾਂ ਦੀ ਹੱਡਬੀਤੀ ਸੁਣਾਉਂਦੀ ਕਹਿ ਰਹੀ ਹੈ
ਮੁਹੱਬਤ ਦਾ ਕਤਲ ਹੋਇਆ ਹੈ
ਅੱਜ ਇਸ ਸੱਚੀ ਮੁਹੱਬਤ ਦਾ ਕਤਲ ਹੋਇਆ ਹੈ।

ਅੰਨ੍ਹੀ ਰਾਤ

ਰਾਤ!
ਕਿਤਨੀ ਖੋਫਨਾਕ ਹੈ
ਇਹ ਰਾਤ
ਥੱਕੇ ਟੁੱਟੇ ਸੌਂ ਗਏ
ਸਾਰੇ ਚਿਰਾਗ
ਕਿਰਨ ਚਾਨਣ ਦੀ ਰੁੱਸ ਕੇ
ਚਲੀ ਗਈ ਹੈ ਇਸ ਰਾਤ
ਕਿਸਨੂੰ ਲੱਭੀਏ
ਤੇ ਕੀ ਕਰੀਏ
ਇਸ ਰਾਤ।
ਰਾਤ।

ਜ਼ਹਿਰੀਲੀ ਹਵਾ ਸ਼ੂਕਦੀ ਹੈ
ਇਸ ਰਾਤ
ਡੱਸਿਆ ਹੈ ਇਸਨੂੰ
ਹਨ੍ਹੇਰੇ ਦੇ ਨਾਗਾਂ
ਕਣ-ਕਣ 'ਚੋਂ ਫੂੰਕਾਰੇ
ਮਾਰਦੇ ਨੇ ਨਾਗ
ਜ਼ਹਿਰ ਹੈ! ਜ਼ਹਿਰ ਹੈ!
ਹਰ ਪਲ ਹਰ ਛਿੰਨ ਜ਼ਹਿਰ ਹੈ
ਕਹਿਰ ਹੈ! ਹਾਏ ਕਹਿਰ ਹੈ!
ਰਾਤ!

ਕੇਹੀ ਰਾਤ ਹੈ ਇਹ?
ਪਲ ਪਲ ਅਹਿਸਾਸ ਮੇਰਾ ਹੈ ਮਰ ਰਿਹਾ
ਭੇਦ ਦਿਲ ਦਾ ਖੁਰ ਰਿਹਾ

ਚੇਤਨਾ ਮੇਰੀ ਦੇਖੋ
ਦਫਨਾਈ ਹੈ ਜਾ ਰਹੀ
ਕੋਈ ਤਾਂ ਦੇਵੋ ਵੇ
ਇਕ ਕਿਰਨ ਚਾਨਣ ਦੀ
ਰਾਤ!

ਇਸ ਟੂਣੇਹਾਰੀ
ਅੰਨ੍ਹੀ ਰਾਤ ਵਿੱਚ
ਇਹ ਵੱਸਦਾ ਸ਼ਹਿਰ ਹੈ
ਮਰ ਗਿਆ
ਮੌਤ ਹਰ ਪਾਸੇ
ਹੈ ਮੰਡਲਾ ਰਹੀ
ਹੇ ਮਨ ਮੇਰੇ!
ਕੁਝ ਤਾਂ ਕਰ
ਫੋਲ਼ ਇਸ ਸ਼ਹਿਰ ਨੂੰ
ਲੱਭ ਜਾਏ ਸ਼ਾਇਦ
ਚਾਨਣ ਦੀ ਕਿਰਨ ਕੋਈ।

ਕਲਾਕਾਰ

ਮੌਸਮ ਉਦਾਸ ਹੈ
ਬੀਆਬਾਨ ਰਾਹਾਂ ਵਿਚ
ਵੈਣਾਂ ਦੀ ਆਵਾਜ਼ ਹੈ
ਸਿਰ ਤੇ ਚਿੱਟੀ ਚੁੰਨ੍ਹੀ ਲਈ ਦੋ ਧੀਆਂ
ਸੰਗ ਇਕ ਮੁਟਿਆਰ ਹਉਕੇ ਭਰਦੀ ਹੈ।
ਭਰ ਭਰ ਰੋਂਦੀ ਹੈ
ਮਾਸੂਮੀਅਤ ਨੂੰ ਵੇਖ ਰੱਬ
ਵੀ ਪ੍ਰੇਸ਼ਾਨ ਹੈ।

ਪੰਛੀ ਦਿਨ ਦਿਹਾੜੇ ਆਲਣਿਆਂ
ਵਿਚ ਬੈਠੇ ਸੋਗ ਮਨਾ ਰਹੇ ਨੇ
ਹੁਣ ਅੰਬੀਂ ਕੋਇਲ ਨਾ ਬੋਲੇ
ਹੁਣ ਬਾਗੀਂ ਨਾ ਨੱਚਦੇ ਮੋਰ
ਬਿਰਖ ਦੇ ਪੱਤੇ ਕਮਲਾ ਗਏ
ਹਵਾ ਸਿਸਕੀਆਂ ਭਰ ਰਹੀ ਹੈ
ਸੜਕਾਂ ਸੁੰਨਸਾਣ ਨੇ

ਸੂਰਜ ਬੱਦਲ ਪਿੱਛੇ ਛੁੱਪ ਗਿਆ ਹੈ
ਝੀਲ ਦੇ ਪਾਣੀ ਸੁੱਕ ਗਏ
ਬੱਤਖਾਂ ਡਰਦੀਆਂ ਡਰਦੀਆਂ ਬੈਠ ਗਈਆਂ
ਜਿੰਦਗੀ ਵਗਦੀ ਵਗਦੀ ਥੰਮ ਗਈ
ਉਦਾਸੀ ਦੇ ਆਲਮ ਵਿਚ
ਸਾਰੇ ਸਾਜ ਆਪਣੀਆਂ ਆਪਣੀਆਂ
ਧੁੰਨਾਂ ਰੋ ਰੋ ਕੇ ਜਿਵੇਂ ਕਹਿ ਰਹੇ ਹੋਣ
ਸਿਖਰ ਦੁਪਹਿਰ ਅੱਜ ਇਕ
ਕਲਾਕਾਰ ਅਸਮਾਨ ਦਾ
ਤਾਰਾ ਬਣ ਗਿਆ ਹੈ।

00

ਅੱਜ ਨੀ ਮਾਏ
ਸਾਡੇ ਦਰ ਤੇ ਸੂਰਜ ਆਏ
ਇਕ ਹੱਥ ਵਿਚ ਕਾਸਾ
ਦੂਜੇ ਖੁੰਡੀ
ਬਿਰਹੈ ਦੀ ਉਹ ਲੈ ਕੇ ਲੋਈ
ਕਿਰਨਾਂ ਦੀ ਉਹ ਭੀਖ ਮੰਗਣ ਆਏ
ਅੱਜ ਨੀ ਮਾਏ
ਸਾਡੇ ਦਰ ਤੇ ਸੂਰਜ ਆਏ

ਨੈਣਾਂ ਦੇ ਵਿਚ ਸੋਗ ਹੈ ਵਸਿਆ
ਮੱਥੇ ਦੀਆਂ ਲਕੀਰਾਂ ਝੁਰਮਟ ਪਾਏ
ਵਾਲਾਂ ਦੇ ਵਿਚ ਪਤਝੜ ਖੇਡੇ
ਨੀ ਉਮਰਾਂ ਦੇ ਤਿਰਹਾਏ
ਅੱਜ ਨੀ ਮਾਏ
ਸਾਡੇ ਦਰ ਤੇ ਸੂਰਜ ਆਏ

ਪੀੜ੍ਹਾਂ ਦੀ ਉਸ ਲੈ ਕੇ ਝੋਲੀ
ਦਰਦਾਂ ਉਸ ਡੱਕੇ ਪਾਏ
ਹਾੜ੍ਹ ਮਹੀਨੇ ਥੱਲ ਏ ਤਪਦਾ
ਪਾਣੀ ਦੀ ਇਕ ਬੂੰਦ ਮੰਗਣ ਨੇ ਆਏ
ਅੱਜ ਨੀ ਮਾਏ
ਸਾਡੇ ਦਰ ਤੇ ਸੂਰਜ ਆਏ

ਸੁਭਾ ਸਵੇਰੇ ਦਿਨ ਤੇ ਰਾਤੀਂ
ਯਾਦ ਸੱਜਣ ਦੀ ਆਏ
ਹੱਡੀਆਂ ਦੇ ਵਿਚ ਪਾਰਾ ਰਚਿਆ

ਕਿਸਨੂੰ ਕਹਿ ਸੁਣਾਵੇ
ਅੱਜ ਨੀ ਮਾਏ
ਸਾਡੇ ਦਰ ਤੇ ਸੂਰਜ ਆਏ

ਲੈ ਕੇ ਪਿਆਰ ਦੀ ਗਾਨੀ
ਵਿਚ ਯਾਦ ਦੇ ਸਿਤਾਰੇ
ਦੀਵੇ ਦੇ ਹਿੱਕ ਲੱਗ
ਰੋ ਰੋ ਆਪਣਾ
ਦੁੱਖ ਸੁਣਾਵੇ
ਅੱਜ ਨੀ ਮਾਏ
ਸਾਡੇ ਦਰ ਤੇ ਸੂਰਜ ਆਏ।

ਗੀਤ ਮੇਰੇ

ਗੀਤ ਮੇਰੇ ਜਨਮਾਂ ਦੇ ਮਾਰੇ
ਗੀਤ ਮੇਰੇ ਨਰਕਾਂ ਤੋਂ ਹਾਰੇ
ਗੀਤ ਮੇਰੇ ਹਫ਼ਦੇ ਹਫ਼ਦੇ ਡਿੱਗ ਪਏ
ਗੀਤ ਮੇਰੇ ਸਾਹਾਂ ਤੋਂ ਹੱਟ ਗਏ

ਗੀਤ ਮੇਰੇ ਸਾਗਰ ਸੰਗ ਸੌਂ ਗਏ
ਗੀਤ ਮੇਰੇ ਤੂਫਾਨ 'ਚ ਖੋ ਗਏ
ਗੀਤ ਮੇਰੇ ਦਾ ਡੂਬੀਆ ਪਹਿਲਾਂ ਹੀ ਮੋਇਆ
ਗੀਤ ਮੇਰੇ ਸਾਗਰ ਦੀ ਕੁੱਖ ਵਿਚ ਜਾਵਣ
ਗੀਤ ਮੇਰੇ ਆਖਿਰ ਇਕ ਅਮਰ ਨਗਮਾ ਬਣ ਜਾਵਣ

ਗੀਤ ਮੇਰੇ ਜੇਠ ਹਾੜ ਦੀਆਂ ਧੁੱਪਾਂ 'ਚ ਪੁਕਾਰਨ
ਗੀਤ ਮੇਰੇ ਲੋਹੜੇ ਦੇ ਵੈਣ ਪਾਵਣ
ਗੀਤ ਮੇਰੇ ਗ਼ਮਾਂ ਦੀ ਚੂਰੀ ਖਾਵਣ
ਗੀਤ ਮੇਰੇ ਵਿਹੁ ਦਾ ਪਿਆਲਾ ਪੀਵਣ
ਗੀਤ ਮੇਰੇ ਦੇ ਸਿਦਕਾਂ ਅੱਗੇ ਹਰ ਕੋਈ ਹਾਰ ਜਾਵਣ

ਗੀਤ ਮੇਰੇ ਅੰਬਰਾਂ ਤੋਂ ਉੱਚੇ
ਗੀਤ ਮੇਰੇ ਪਤਾਲਾਂ ਤੋਂ ਡੂੰਘੇ
ਗੀਤ ਮੇਰੇ ਬ੍ਰਹਿਮੰਡ ਦੇ ਸ਼ਦਾਈ
ਗੀਤ ਮੇਰੇ ਫਿਰ ਵੀ ਸਾਹਾਂ ਤੜਫੇ
ਗੀਤ ਮੇਰੇ ਦੇ ਇਹ ਦੁਨੀਆ ਨਾ ਆਈ ਰਾਸ।

ਚੁੱਪ ਸਾਡੀ ਨੂੰ

ਚੁੱਪ ਸਾਡੀ ਨੂੰ ਤੋੜੋ ਨਾ
ਸਾਨੂੰ ਤੋੜ ਝੰਜੋੜੋ ਨਾ

ਚੁਪ ਚਪੀਤੇ ਕਦ ਤਕ ਅੜੀਏ
ਚੋਣਾਂ ਵਾਅਦੇ ਰਹੀਏ ਨੀ
ਦਿਲ ਤੇ ਭਾਰ ਬੜੇ ਨੇ ਪੈ ਗਏ
ਕਦ ਤਕ ਸਹਿੰਦੇ ਰਹੀਏ ਨੀ

ਹੁਣ ਤੇ ਪਿਆਲਾ ਭਰ ਚੁੱਕਾ ਏ
ਬਸ, ਹੋਰ ਸਾਨੂੰ ਹੁਣ ਛੇੜੋ ਨਾ
ਸਾਨੂੰ ਹੋਰ ਝੰਜੋੜੋ ਨਾ।

ਸ਼ਰਾਫ਼ਤ ਸਾਡੀ ਦੀ ਹੁਣ ਤਕ ਅੜੀਏ
ਕੀਮਤ ਤੁਸਾਂ ਨੇ ਪਾਈ ਨੀ
ਭੋਂਦੂ ਸ਼ੋਂਦੂ ਬਣ ਕੇ ਰਹਿ ਗਏ
ਇਉਂ ਝੱਟ ਲੰਗਾਈ ਨੀ

ਐਪਰ ਦਿਲ ਤੇ ਪੰਜਾਬੀਆਂ ਵਾਲਾ
ਇਸਨੂੰ ਹੋਰ ਵੰਗਾਰੋ ਨਾ
ਚੁੱਪ ਸਾਡੀ ਤੋੜੋ ਨਾ

ਸਾਡੇ ਸਿਰਾਂ ਦੇ ਉਤੋਂ ਅੜੀਏ
ਪਾਣੀ ਸਦੀਆਂ ਤੋਂ ਲੰਘਦੇ ਆਏ ਨੀ
ਜਿੰਦ ਦਿਆਂ ਬਾਗ ਬਹਾਰਾਂ ਉੱਤੇ
ਪਤਝੜ ਸਦਾ ਹੀ ਛਾਏ ਨੀ

ਆਖਰ ਹੱਦ ਤੇ ਹੁੰਦਾ ਏ
ਹੁਣ ਮਨ ਸਾਡੇ ਨੂੰ ਮੋੜੋ ਨਾ
ਚੁੱਪ ਸਾਡੀ ਨੂੰ ਤੋੜੋ ਨਾ
ਸਾਨੂੰ ਹੋਰ ਝੰਜੋੜੋ ਨਾ

ਦੁਖੀਆਂ ਦਾ ਦੁੱਖ ਸਹਿ ਨਹੀਂ ਹੁੰਦਾ
ਸ਼ਬਦ ਭੰਡਾਰੋਂ ਖਾਲੀ ਹਾਂ
ਕੁਝ ਕਹਿ ਨਹੀਂ ਹੁੰਦਾ
ਮਜਬੂਰੀ ਮੈਨੂੰ ਲਿਖ ਚੁੱਕੀ ਏ
ਫਿਰ ਵੀ ਮੈਥੋਂ ਰਹਿ ਨਹੀਂ ਹੁੰਦਾ

ਨਾ ਮੈਂ ਤੈਥੋਂ ਮੁਕਤੀ ਮੰਗਾਂ
ਨਾ ਮੈਂ ਤੈਥੋਂ ਯੁਗਤੀ ਮੰਗਾਂ
ਹਰ ਜਨਮ ਮੈਂ ਚਕਰ ਮਾਰਾਂ
ਇਸ ਸੇਵਾ ਦੀ ਭਿੱਖ ਮੈਂ ਮੰਗਾਂ

ਗ਼ਦਾਰ

ਮੈਂ ਹਰ ਯੁੱਗ ਵਿਚ
ਹਰ ਦੇਸ਼ ਵਿਚ
ਹਰ ਕੌਮ ਵਿਚ
ਹਰ ਇਨਕਲਾਬ ਵਿਚ
ਪ੍ਰਗਟ ਹੋਇਆ ਹਾਂ।

ਕਦੀ ਮੈਂ ਰਾਵਣ ਦੇ ਵਕਤ
ਭਿਭੀਕਸ਼ਣ ਦੇ ਰੂਪ ਵਿਚ ਆਇਆ।
ਕਦੀ ਮੈਂ ਰਣਜੀਤ ਸਿੰਘ ਦੇ ਵਕਤ
ਪਹਾੜਾ ਸਿੰਘ ਦੇ ਰੂਪ ਵਿਚ ਆਇਆ।

ਅੱਜ ਵੀ ਮੈਂ ਹਰ ਸ਼ਹਿਰ, ਹਰ ਪਿੰਡ
ਤੇ ਹਰ ਦੇਸ਼ ਵਿਚ ਮੌਜੂਦ ਹਾਂ।
ਫਿਕਰ ਨਾ ਕਰੋ, ਮੈਂ ਤੁਹਾਡੀਆਂ
ਬੁੱਕਲਾਂ ਵਿਚ ਮੌਜੂਦ ਹਾਂ।

ਹਰ ਰੋਜ਼ ਸਵੇਰ ਸਾਰ,
ਮੈਂ ਮਖੌਟਾ ਪਾ ਨਿਕਲਦਾ ਹਾਂ।
ਤੁਹਾਡੇ ਹਰ ਇਨਕਲਾਬ ਲਈ,
ਜੂਝ ਮਰਨ ਦੀਆਂ ਕਸਮਾਂ ਖਾਂਦਾ ਹਾਂ।
ਤੁਹਾਡੇ ਹਰ ਚਿਹਰੇ ਤੋਂ ਹਮੇਸ਼ਾਂ
ਕੁਝ ਨਾ ਕੁਝ ਪੜ੍ਹਦਾ ਹਾਂ।
ਦਿਲ ਦੀ ਡਾਇਰੀ ਵਿਚ
ਨੋਟ ਕਰਕੇ ਰੱਖਦਾ ਹਾਂ।

ਰੱਬ ਦਾ ਰੂਪ

ਉਹ ਸਮੁੰਦਰ ਕਿਨਾਰੇ ਬੈਠੀ ਹੈ
ਸ਼ਾਂਤ ਅਤੇ ਅਡੋਲ
ਕੁਦਰਤ ਅਤੇ ਸੁੰਦਰਤਾ ਦਾ ਹੁਸੀਨ ਸੰਗਮ

ਟਿਕੀ ਰਾਤ ਵਿਚ ਨੀਲੇ ਅਸਮਾਨ ਤੇ ਤਰਦੇ ਚੰਦ ਵਰਗੀ
ਪਾਣੀ ਵਿਚ ਕੰਬਦੇ ਪਰਛਾਵੇਂ ਵਰਗੀ
ਕਿਸੇ ਸ਼ਾਇਰ ਦੇ ਖਿਆਲ ਦੀ ਉਡਾਰੀ ਵਰਗੀ

ਅਜੰਤਾ ਅਤੇ ਅਲੋਰਾ ਦੀ ਮੂਰਤ
ਪ੍ਰਭ ਕੈ ਸਿਮਿਰਨ ਕਰਦੀ ਕਰਦੀ
ਦੂਰ ਬਹੁਤ ਦੂਰ ਦੁਮੇਲ ਤੋਂ ਪਰ੍ਹੇ,
ਰੱਬ ਦੀ ਹੋਂਦ ਬਾਰੇ ਸੋਚਣ ਲੱਗੀ

ਸੂਨਯ ਤੋਂ ਬ੍ਰਹਿਮੰਡ ਤੱਕ ਦਾ ਸਫਰ
ਮੱਥੇ 'ਚ ਗਿਆਨ ਦਾ ਦੀਵਾ ਬਲਿਆ ਤੇ ਮੁਸਕਰਾਈ
ਮੈਂ ਹੀਰੱਬ ਦਾ ਰੂਪ ਹਾਂ।